# ਬਾਲ (ਗੁਰੂ) ਨਾਨਕ ਜੀ ਦੀ ਪੜ੍ਹਾਈ

ਇੱਕ ਦਿਨ ਮਹਿਤਾ ਕਲਿਆਨ ਦਾਸ ਜੀ ਨੇ ਮਾਤਾ ਤ੍ਰਿਪਤਾ ਜੀ ਨੂੰ ਕਿਹਾ : "ਨਾਨਕ ਜੀ ਪੜ੍ਹਨ-ਲਿਖਣ ਵਿੱਚ ਬਹੁਤ ਹੁਸ਼ਿਆਰ ਹਨ । ਉਹ ਹਰ ਗੱਲ, ਹਰ ਸਿਖਿਆ ਨੂੰ ਬੜੀ ਛੇਤੀ ਸਿਖ ਜਾਂਦੇ ਹਨ । ਕਿਉਂ ਨਾ ਅਸੀਂ ਉਹਨਾਂ ਨੂੰ ਪੜ੍ਹਨ ਪਾ ਦੇਈਏ"।

ਮਾਤਾ ਤ੍ਰਿਪਤਾ ਜੀ : "ਹਾਂ ਜੀ ! ਇਹ ਤਾਂ ਬਹੁਤ ਚੰਗੀ ਗਲ ਹੈ । ਬਾਲ ਨਾਨਕ ਹੁਣ ਤਾਂ 7 ਸਾਲ ਦੇ ਹੋ ਗਏ ਹਨ"।

ਭੈਣ ਨਾਨਕੀ ਨੇ ਵੀ ਇਹ ਆਖਦਿਆਂ ਆਪਣੀ ਖੁਸ਼ੀ ਪ੍ਰਗਟ ਕੀਤੀ । "ਹਾਂ ਜੀ ! ਮੇਰਾ ਵੀਰ ਤਾਂ ਹੀਰਾ ਹੈ"।

ਉਸ ਸਮੇਂ ਵਿੱਚ ਸਕੂਲ ਨਹੀਂ ਹੁੰਦੇ ਸਨ । ਬੱਚਿਆਂ ਨੂੰ ਪੰਡਿਤ (ਪਾਂਧਾ) ਜਾਂ ਮੌਲਵੀ ਪਾਸ ਪੜ੍ਹਨ ਲਈ ਭੇਜਿਆ ਜਾਂਦਾ ਸੀ ।

ਸੱਤ ਸਾਲ ਦੀ ਉਮਰ ਵਿੱਚ ਆਪ ਜੀ ਨੂੰ ਪਹਿਲਾਂ ਗੋਪਾਲ ਪੰਡਿਤ ਪਾਸ ਹਿੰਦੀ ਪੜ੍ਹਨ ਲਈ ਅਤੇ ਫਿਰ ਬ੍ਰਿਜਲਾਲ ਪੰਡਿਤ ਪਾਸ ਸੰਸਕ੍ਰਿਤ ਪੜ੍ਹਨ ਲਈ ਭੇਜਿਆ ਗਿਆ । ਤੇਰ੍ਹਾਂ ਸਾਲ ਦੀ ਉਮਰ ਵਿੱਚ ਫਿਰ ਆਪ ਜੀ ਨੂੰ ਮੌਲਵੀ ਕੁਤਬੁੱਦੀਨ ਪਾਸ ਫ਼ਾਰਸੀ ਪੜ੍ਹਨ ਲਈ ਭੇਜਿਆ ਗਿਆ । ਆਪ ਜੀ ਨੇ ਜਿੱਥੇ ਆਪਣੇ ਅਧਿਆਪਕਾਂ ਪਾਸੋਂ ਦੁਨਿਆਵੀ ਵਿਦਿਆ ਪ੍ਰਾਪਤ ਕੀਤੀ, ਉੱਥੇ ਉਹਨਾਂ ਨੂੰ ਅਕਾਲ ਪੁਰਖ ਨਾਲ ਵੀ ਜੋੜਿਆ । ਸਾਰੇ ਹੀ ਆਪ ਜੀ ਦੀ ਤੇਜ਼ ਬੁੱਧੀ ਤੋਂ ਹੈਰਾਨ ਹੁੰਦੇ ਸਨ । ਨਾਲ ਹੀ ਇਨ੍ਹਾਂ ਸਾਰੇ ਅਧਿਆਪਕਾਂ ਨੇ ਇਹ ਵੀ ਕਿਹਾ ਕਿ ਇਹ ਬੱਚਾ ਤਾਂ ਧਾਰਮਿਕ ਤੇ ਅਧਿਆਤਮਿਕ ਜੀਵਨ ਦੀ ਵੀ ਬਹੁਤ ਚੰਗੀ ਸੂਝ-ਬੂਝ ਦਾ ਮਾਲਕ ਹੈ ।

ਆਪ ਬੱਚਿਆਂ ਨੂੰ ਇਕੱਠੇ ਕਰਕੇ ਵਾਹਿਗੁਰੂ ਜੀ ਬਾਰੇ ਗੱਲਾਂ ਕਰਦੇ ਅਤੇ ਉਪਦੇਸ਼ ਦਿੰਦੇ ਸਨ । ਬੱਚਿਆਂ ਨੂੰ ਚੰਗੇ ਕੰਮ ਕਰਨ ਦੀ ਸਿੱਖਿਆ ਦਿੰਦੇ ਸਨ । ਸੱਭ ਨਾਲ ਪਿਆਰ ਕਰਨ ਅਤੇ ਮਿੱਠਾ ਬੋਲਣ ਦਾ ਤਰੀਕਾ ਸਿਖਾਉਂਦੇ ਸਨ ।

ਰਾਇ ਬੁਲਾਰ, ਗੁਰੂ ਸਾਹਿਬ ਜੀ ਦੇ ਜੀਵਨ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਆਪ ਜੀ ਦਾ ਸੱਭ ਤੋਂ ਪਹਿਲਾ ਸਿੱਖ ਹੋਣ ਦਾ ਮਾਣ ਪ੍ਰਾਪਤ ਕੀਤਾ ।

ਦਸ ਸਾਲ ਦੀ ਉਮਰ ਵਿੱਚ ਆਪ ਜੀ ਨੂੰ ਜਨੇਊ ਪਾਉਣ ਲੱਗੇ ਤਾਂ ਆਪ ਜੀ ਨੇ ਜਨੇਊ ਪੁਆਉਣ ਤੋਂ ਨਾਂਹ ਕਰ ਦਿੱਤੀ । ਗੁਰੂ ਸਾਹਿਬ ਜਨੇਊ ਪੁਆਉਂਦੇ ਵੀ ਕਿਉਂ ? ਕਿਉਂਕਿ ਜਨੇਊ ਪੁਆਉਣ ਦਾ ਅਰਥ ਹੈ, ਪੰਡਿਤ ਅਰਥਾਤ ਬ੍ਰਾਹਮਣ ਨੂੰ ਗੁਰੂ ਧਾਰਣ ਕਰਨਾ । ਪਰ ਆਪ ਜੀ ਤਾਂ ਇਸ ਜਗਤ ਦੇ ਉੱਧਾਰ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ ।

ਛੋਟੇ ਹੁੰਦਿਆਂ ਆਪ ਜੀ ਨੇ ਕੁੱਝ ਸਮਾਂ ਮੱਝਾਂ ਵੀ ਚਰਾਈਆਂ, ਖੇਤੀ ਦੀ ਸੰਭਾਲ ਵੀ ਕੀਤੀ ਤੇ ਦੁਕਾਨਦਾਰੀ ਵੀ ਕੀਤੀ ।

ਭਾਈ ਮਰਦਾਨਾ ਜੀ, ਜੋ ਤਲਵੰਡੀ ਰਹਿੰਦੇ ਸਨ, ਭਾਵੇਂ ਮੁਸਲਮਾਨ ਮਰਾਸੀ ਸਨ, ਪਰ ਗੁਰੂ ਸਾਹਿਬ ਉਸ ਨੂੰ ਬਹੁਤ ਪਿਆਰ ਕਰਦੇ ਸਨ । ਭਾਈ ਮਰਦਾਨਾ ਜੀ ਚੰਗੇ ਰਬਾਬੀ ਸਨ । ਸਿਰਫ਼ ਭਾਈ ਮਰਦਾਨਾ ਜੀ ਨੂੰ ਹੀ ਇਹ ਮਾਣ ਪ੍ਰਾਪਤ ਹੋਇਆ ਹੈ ਕਿ ਉਹ ਲਗਭਗ 60 ਸਾਲ ਗੁਰੂ ਸਾਹਿਬ ਜੀ ਨਾਲ ਰਹੇ ।

# *ਵਸਦੇ ਰਹੋ ! --- ਉਜੱੜ ਜਾਓ !*

ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਇਕ ਵਾਰੀ ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨਾ ਜੀ ਨਾਲ ਬੰਗਾਲ ਦੇ ਇਕ ਪਿੰਡ ਵਿੱਚ ਜਾ ਟਿਕਾਣਾ ਕੀਤਾ । ਉਸ ਪਿੰਡ ਦੇ ਲੋਕਾਂ ਨੇ ਗੁਰੂ ਨਾਨਕ ਸਾਹਿਬ ਜੀ ਅਤੇ ਭਾਈ ਮਰਦਾਨਾ ਜੀ ਦਾ ਕੋਈ ਸਤਕਾਰ ਨਾ ਕੀਤਾ । ਨਾ ਉਹਨਾਂ ਨੂੰ ਰੋਟੀ ਖੁਆਈ, ਨਾ ਉਹਨਾਂ ਨੂੰ ਰਾਤ ਸੌਣ ਲਈ ਕੋਈ ਜਗ੍ਹਾ ਦਿਤੀ । ਦੂਜੇ ਦਿਨ ਸਵੇਰੇ ਜਦੋਂ ਗੁਰੂ ਨਾਨਕ ਸਾਹਿਬ ਜੀ ਉੱਥੋਂ ਤੁਰੇ ਤਾਂ ਉਹਨਾਂ ਨੇ ਉਸ ਪਿੰਡ ਦੇ ਲੋਕਾਂ ਬਾਬਤ ਕਿਹਾ 'ਵਸਦੇ ਰਹੋ'। ਇਸ ਪ੍ਰਚਾਰਕ ਦੌਰੇ ਵਿੱਚ ਚਲਦੇ-ਚਲਦੇ ਜਦੋਂ ਗੁਰੂ ਸਾਹਿਬ ਜੀ ਅਗਲੇ ਪਿੰਡ ਪਹੁੰਚੇ, ਤਾਂ ਉਸ ਪਿੰਡ ਦੇ ਲੋਕਾਂ ਨੇ ਗੁਰੂ ਸਾਹਿਬ ਜੀ ਦੀ ਬਹੁਤ ਇੱਜ਼ਤ ਵੀ ਕੀਤੀ ਅਤੇ ਉਹਨਾਂ ਨੂੰ ਭੋਜਨ ਵੀ ਛਕਾਇਆ। ਰਾਤ ਨੂੰ ਠਹਿਰਨ ਲਈ ਚੰਗਾ ਪ੍ਰਬੰਧ ਕੀਤਾ । ਉਸ ਤੋਂ ਅਗਲੇ ਦਿਨ ਉਸ ਪਿੰਡ ਤੋਂ ਜਦੋਂ ਗੁਰੂ ਨਾਨਕ ਸਾਹਿਬ ਜੀ ਅੱਗੇ ਜਾਣ ਲਗੇ ਉਹਨਾਂ ਨੇ ਪਿੰਡ ਦੇ ਵਾਸੀਆਂ ਬਾਬਤ ਕਿਹਾ 'ਉੱਜੜ ਜਾਓ' । ਭਾਈ ਮਰਦਾਨਾ ਜੀ ਬੜੇ ਹੈਰਾਨ ਹੋਏ ਅਤੇ ਕਿਹਾ ਆਪ ਜੀ ਨੇ ਇਹ ਕੀ ਕੀਤਾ, ਇਹ ਤਾਂ ਚੰਗਾ ਨਹੀਂ ਹੈ । ਜਿਹੜੇ ਲੋਕਾਂ ਨੇ ਤੁਹਾਡਾ ਸਤਕਾਰ ਨਹੀਂ ਕੀਤਾ, ਉਹਨਾਂ ਨੂੰ ਤੁਸੀਂ ਅਸੀਸ ਦੇ ਕੇ ਕਿਹਾ 'ਵਸਦੇ ਰਹੋ' ਜਿਹਨਾਂ ਤੁਹਾਡੀ ਕਦਰ ਕੀਤੀ, ਤੁਹਾਨੂੰ ਮਾਣ ਦਿੱਤਾ, ਉਹਨਾਂ ਨੂੰ ਕਿਹਾ 'ਉਜੱੜ ਜਾਓ'। ਗੁਰੂ ਜੀ ਨੇ ਜਵਾਬ ਦਿੱਤਾ, ਭਾਈ ਮਰਦਾਨਾ ਜੀ ! ਜਿਹੜੇ ਮਨੁੱਖ ਮਾੜੇ ਸੁਭਾ ਵਾਲੇ ਹੁੰਦੇ ਹਨ ਉਹ ਇਕੋ ਹੀ ਥਾਂ ਤੇ ਵਸਦੇ ਰਹਿਣ ਕਿਉਂਕਿ ਉਹ ਜਿੱਥੇ ਵੀ ਜਾਣਗੇ, ਬੁਰਾਈਆਂ ਹੀ ਫੈਲਾਉਣਗੇ । ਉਹ ਇੱਕੋ ਹੀ ਥਾਂ ਤੇ ਰਹਿਣ ਤਾਂਕਿ ਉਹਨਾਂ ਦੀ ਬੁਰਿਆਈਆਂ ਉੱਥੇ ਹੀ ਸਿਮਟੀਆਂ ਰਹਿਣ ਅਤੇ ਬਾਕੀ ਲੋਕਾਂ ਤੇ ਆਪਣਾ ਅਸਰ ਨਾ ਪਾ ਸੱਕਣ ।

ਪਰ ਜਿਹੜੇ ਚੰਗੇ ਲੋਕ ਹਨ, ਉਹ ਜਿੱਥੇ ਵੀ ਜਾਣਗੇ, ਦੂਜਿਆਂ ਦਾ ਭਲਾ ਵੀ ਕਰਨਗੇ ਅਤੇ ਚੰਗੇ ਗੁਣ ਵੀ ਫੈਲਾਉਣਗੇ, ਇਸ ਲਈ ਉਹ ਖਿਲਰ ਜਾਣ । ਕਹਿਣ ਤੋਂ ਭਾਵ ਚੰਗੇ ਗੁਣਾਂ ਵਾਲੇ ਮਨੁੱਖ ਅਲਗ-ਅਲਗ ਜਗ੍ਹਾ ਤੇ ਚਲੇ ਜਾਣ ਅਤੇ ਹਰ ਪਾਸੇ ਚੰਗੇ ਗੁਣ ਫੈਲਾਉਣ ।

**ਸਿਖਿਆ : ਇਸ ਸਾਖੀ ਤੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ ਜਿਹੜੇ ਮਨੁੱਖ ਭੈੜੇ ਕਰਮ ਕਰਨ ਵਾਲੇ ਹੁੰਦੇ ਹਨ, ਉਹਨਾਂ ਦੀ ਇਸ ਸੰਸਾਰ ਵਿੱਚ ਕੋਈ ਇਜ਼ਤ ਨਹੀਂ ਹੁੰਦੀ । ਚੰਗੇ ਮਨੁੱਖਾਂ ਨਾਲ ਗੁਰੂ ਜੀ ਵੀ ਅਤੇ ਸਾਰਾ ਸੰਸਾਰ ਵੀ ਪਿਆਰ ਕਰਦਾ ਹੈ । ਇਸ ਲਈ ਸਾਨੂੰ ਵੀ ਸ਼ੁਭ ਗੁਣ ਧਾਰਨ ਕਰਕੇ ਚੰਗੇ ਮਨੁੱਖ ਬਣਨਾ ਚਾਹੀਦਾ ਹੈ ।**

# ਮੇਰਾ ਧਰਮ ਹੋਰ ਹੈ

ਗੁਰੂ ਨਾਨਕ ਪਾਤਸ਼ਾਹ ਦੀ ਉਮਰ ਉਸ ਸਮੇਂ 10 ਕੁ ਸਾਲ ਦੀ ਹੋਵੇਗੀ। ਸਾਰੇ ਅੰਗ ਸਾਕ, ਸੱਜਣ ਮਿੱਤਰ, ਗੁਰੂ ਜੀ ਦੇ ਘਰ ਇਕੱਠੇ ਹੋਏ।

ਗੁਰੂ ਪਾਤਸ਼ਾਹ ਨੂੰ ਨੁਹਾ-ਧੁਆ ਕੇ, ਨਵੀਂ ਧੋਤੀ ਪਹਿਨਾਈ। ਬ੍ਰਾਹਮਣ ਨੇ ਗਊ ਦੇ ਗੋਹੇ ਦਾ ਲੇਪ ਕੀਤਾ। ਉਸ ਥਾਂ ਚੌਂਕੀ ਰੱਖੀ। ਇਸ ਉੱਤੇ ਗੁਰੂ ਜੀ ਨੂੰ ਬਿਠਾਇਆ। ਸਮੇਂ ਦੀ ਪ੍ਰਚਲਤ ਰੀਤ ਅਨਸਾਰ ਬੱਕਰੇ ਦਾ ਮਾਸ ਰਿੰਨ੍ਹਿਆ ਗਿਆ।

ਮਹਿਤਾ ਕਾਲੂ ਜੀ ਘਰ ਦੇ ਬ੍ਰਾਹਮਣ ਪ੍ਰੋਹਿਤ ਹਰਦਿਆਲ ਨੇ ਸ਼ਾਸਤ੍ਰਾਂ ਦੇ ਮਿੱਥੇ ਹੋਏ ਮੰਤਰ ਪੜ੍ਹੇ, ਰਸਮੀ ਕਾਰਵਾਈ ਕੀਤੀ। ਗੁਰੂ ਪਾਤਸ਼ਾਹ ਇਸ ਸਾਰ ਤਮਾਸ਼ ਦਾ ਵਰਤਾਰਾ ਵੇਖਦੇ ਰਹੇ। ਪੰਡਿਤ ਜੀ ਨੇ ਗੁਰੂ ਜੀ ਨੂੰ, ਜਨੇਊ ਪਾਉਣ ਲਈ, ਬਾਂਹ ਉਤਾਂਹ ਕਰਨ ਲਈ ਕਿਹਾ। ਭਰੀ ਸਭਾ ਵਿੱਚ ਗੁਰੂ ਜੀ ਨੇ ਪੰਡਿਤ ਜੀ ਦਾ ਹੱਥ ਫ਼ੜ ਲਿਆ ਤੇ ਕਹਿਣ ਲੱਗੇ:

**"ਪੰਡਿਤ ਜੀ !** ਇਹ ਧਾਗਾ ਜਿਹਾ ਮੇਰੇ ਗਲ ਕਿਉਂ ਪਾਉਣ ਲੱਗੇ ਹੋ?"

**ਪੰਡਿਤ ਜੀ:** "ਇਹ ਧਾਗਾ ਨਹੀਂ, ਪਵਿੱਤਰ ਜਨੇਊ ਹੈ, ਇਹ ਗੁਰੂ ਧਾਰਨ ਕਰਨ ਦੀ ਮਰਿਆਦਾ ਹੈ।"

ਗੁਰੂ ਨਾਨਕ ਪਾਤਸ਼ਾਹ ਜਨੇਊ ਪਾਉਂਦੇ ਵੀ ਕਿਉਂ, ਆਪ ਜੀ ਤਾਂ ਇਸ ਜਗਤ ਦੇ ਉਧਾਰ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ। ਆਪ ਜੀ ਦਾ ਗੁਰੂ ਤਾਂ ਵਾਹਿਗੁਰੂ ਆਪ ਸੀ। ਗੁਰੂ ਜੀ, ਬ੍ਰਾਹਮਣ ਨੂੰ ਕਦੋਂ ਗੁਰੂ ਮੰਨਣ ਲੱਗੇ ਜਾਂ ਬ੍ਰਾਹਮਣ ਨੇ ਕਾਹਦਾ ਗੁਰੂ ਬਨਣਾ ਸੀ ? ਉਸ ਨੂੰ ਤਾਂ ਸੱਚਾ ਉਪਦੇਸ਼ ਗ੍ਰਹਿਣ ਕਰਵਾ ਕ ਸਗੋਂ ਸਿੱਖ ਬਣਾਉਣਾ ਸੀ, ਸੋ ਗੁਰੂ ਪਾਤਸ਼ਾਹ ਨੇ ਉਸ ਧਾਗੇ ਦੇ ਜਨੇਊ ਦਾ ਖੰਡਨ ਕੀਤਾ ਤੇ ਫੁਰਮਾਇਆ:

"ਇਹ ਧਾਗਾ ਕੱਚਾ ਹੈ। ਮੈਲਾ ਹੋ ਜਾਵੇਗਾ, ਪੁਰਾਣਾ ਹੋ ਟੁੱਟ ਜਾਵੇਗਾ। ਇਸ ਧਾਗੇ ਨੇ ਕੀ ਵਡਿਆਈ ਦੇਣੀ ਹੈ। ਇੱਜ਼ਤ ਤਾਂ ਨੇਕੀ ਵਾਲੇ ਜੀਵਨ ਤੋਂ ਮਿਲਣੀ ਹੈ। ਧਾਗੇ ਨੇ ਸਰੀਰ ਦੇ ਨਾਲ ਨਹੀਂ ਜਾਣਾ। ਇਸ ਨੇ ਇਥੇ ਹੀ ਰਹਿ ਜਾਣਾ ਹੈ। ਸਰੀਰ ਦੇ ਨਾਲ ਹੀ ਸੜ ਜਾਣਾ ਹੈ। ਮੈਨੂੰ ਤਾਂ ਅਜਿਹਾ ਧਾਗਾ ਪਾਓ, ਜੋ ਨਾ ਟੁੱਟੇ, ਨਾ ਮੈਲਾ ਹੋਵੇ ਤੇ ਨਾ ਹੀ ਸੜੇ। ਜਿਹੜਾ ਹਰ ਵੇਲੇ ਮੇਰੇ ਨਾਲ ਰਹੇ। ਜਿਹੜਾ ਮੈਨੂੰ ਭੈੜੇ ਕੰਮਾਂ ਤੋਂ ਰੋਕੇ ਤੇ ਨੇਕ ਕੰਮ ਕਰਨ ਲਈ ਪ੍ਰੇਰਨਾ ਦੇਵੇ। ਅਗਲੇ ਜਹਾਨ ਵੀ ਨਾਲ ਜਾਵੇ ਤੇ ਸਹਾਇਤਾ ਕਰੇ, ਅਜਿਹਾ ਕੋਈ ਜਨੇਊ ਹੈ ਤਾਂ ਪਾਓ। ਇਹ ਧਾਗਾ ਜਿਹਾ ਮੇਰੇ ਕਿਸ ਕੰਮ?

**ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ॥**
**ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ, ਨ ਮਲੁ ਲਗੈ, ਨਾ ਏਹੁ ਜਲੈ, ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ॥(ਆਸਾ ਕੀ ਵਾਰ – ਗੁ. ਗ੍ਰ. ਸਾ. ਅੰਗ 471)**

ਗੁਰੂ ਪਾਤਸ਼ਾਹ ਦੇ ਸਪੱਸ਼ਟ ਬਚਨ, ਸਭ ਦੀ ਸਮਝ ਵਿੱਚ ਆ ਗਏ। ਪਰ ਸਭ ਹੈਰਾਨ ਸਨ, ਅੱਜ ਤਕ ਇਹੋ ਜਿਹੀ ਗੱਲ ਕਿਸੇ ਨੇ ਵੀ ਨਹੀਂ ਕੀਤੀ, ਜਿਹੜੀ ਕਿ ਦਸਾਂ ਵਰ੍ਹਿਆਂ ਦੇ ਗੁਰੂ ਨਾਨਕ ਸਾਹਿਬ ਨੇ ਕਰ ਵਿਖਾਈ। ਦਸਾਂ ਵਰ੍ਹਿਆਂ ਦੀ ਉਮਰ ਵਿੱਚ ਹੀ ਗੁਰੂ ਨਾਨਕ ਪਾਤਸ਼ਾਹ ਨੇ ਬ੍ਰਾਹਮਣੀ ਕਰਮਕਾਂਡਾਂ 'ਤੇ ਇਹ ਵੱਡੀ ਕਰਾਰੀ ਸੱਟ ਮਾਰੀ, ਜਿਸ ਅੱਗੇ ਪੰਡਿਤ ਜੀ ਤੇ ਹੋਰ ਸਭ ਨੂੰ ਝੁਕਣਾ ਪਿਆ। ਗੁਰੂ ਪਾਤਸ਼ਾਹ ਨੇ ਬਚਪਨ ਵਿੱਚ ਹੀ ਦੱਸ ਦਿੱਤਾ ਸੀ ਕਿ ਮੈਂ ਹਿੰਦੂ ਨਹੀਂ, ਮੇਰਾ ਧਰਮ ਹੋਰ ਹੈ।

**ਸਿੱਖਿਆ:–** ਜਿਸ ਦ੍ਰਿੜ੍ਹਤਾ ਨਾਲ, ਗੁਰੂ ਨਾਨਕ ਸਾਹਿਬ ਨੇ ਆਪਣੇ ਧਰਮ ਬਾਰੇ, ਪੰਡਿਤਾਂ ਤੇ ਸਮਾਜ ਨੂੰ ਖੁੱਲ੍ਹ ਕੇ ਸਮਝਾਇਆ ਕਿ ਇਹ ਅਕਾਲ ਪੁਰਖ ਦਾ ਬਖਸ਼ਿਆ ਹੋਇਆ ਧਰਮ ਹੈ। ਗੁਰਸਿੱਖ ਨੇ ਵੀ ਗੁਰੂ ਉਪਦੇਸ਼ਾਂ 'ਤੇ ਚੱਲਦਿਆਂ ਹੋਇਆਂ ਆਪਣਾ ਮਨੋਬਲ ਉੱਚਾ ਰੱਖਣਾ ਹੈ ਤੇ ਗੁਰੂ ਉਪਦੇਸ਼ਾਂ ਅਨੁਸਾਰ ਜੀਵਨ ਜੀਉਣਾ ਹੈ।

# ਸੱਚੀ ਭਗਤੀ

ਗੁਰੂ ਨਾਨਕ ਸਾਹਿਬ ਜੀ ਨੇ, ਘਰ ਦੇ ਸੁਖ ਆਰਾਮ ਤਿਆਗ ਕੇ, ਸੰਸਾਰ ਦੇ ਭਲੇ ਲਈ, ਪ੍ਰਚਾਰ ਦੌਰੇ ਸ਼ੁਰੂ ਕੀਤੇ। ਸਭ ਤੋਂ ਪਹਿਲਾਂ ਨਾਅਰਾ ਲਾਇਆ 'ਨਾ ਹਮ ਹਿੰਦੂ ਨ ਮੁਸਲਮਾਨ'। ਗੁਰੂ ਜੀ ਨੇ ਸਮਝਾਇਆ ਕਿ ਹਿੰਦੂ ਮੁਸਲਮਾਨ ਵਾਲੇ ਵਿਤਕਰੇ ਛੱਡ ਦਿਓ। ਪਰਮਾਤਮਾ ਨੂੰ ਸਾਰੀ ਲੁਕਾਈ ਵਿੱਚ ਦੇਖੋ। ਇਕ ਵਾਹਿਗੁਰੂ ਨੂੰ ਯਾਦ ਕਰੋ, ਜੋ ਸਭ ਦੇ ਅੰਦਰ ਵਸਦਾ ਹੈ।

ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਤੇ ਕਾਜ਼ੀ ਨੇ ਜਦੋਂ ਗੁਰੂ ਜੀ ਦੀ ਇਹ ਗੱਲ ਸੁਣੀ ਤਾਂ ਕਹਿਣ ਲੱਗੇ, "ਗੁਰੂ ਜੀ, ਜੇ ਤੁਹਾਨੂੰ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਇੱਕੋ ਰੱਬ ਦਿਸਦਾ ਹੈ ਤਾਂ ਸਾਡੇ ਨਾਲ ਰਲ ਕੇ ਨਮਾਜ਼ ਪੜ੍ਹੋ।" ਸਤਿਗੁਰੂ ਜੀ ਨਵਾਬ ਤੇ ਕਾਜ਼ੀ ਨਾਲ ਤੁਰ ਪਏ। ਮਸਜਿਦ ਵਿੱਚ ਸਾਰੇ ਮੁਸਲਮਾਨ ਇਕੱਠੇ ਹੋਏ। ਸਭ ਦੇ ਅੱਗੇ ਖਲੋ ਕੇ, ਕਾਜ਼ੀ ਨੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਜੀ ਭੀ ਉਸ ਦੇ ਕੋਲ ਖੜ੍ਹੇ ਹੋ ਗਏ। ਸਤਿਗੁਰੂ ਜੀ ਨੇ ਕਾਜ਼ੀ ਵੱਲ ਤੱਕਿਆ, ਤਕ ਕੇ ਹੱਸ ਪਏ। ਉਨ੍ਹਾਂ ਨੂੰ ਸਾਫ਼ ਦਿਸ ਰਿਹਾ ਸੀ ਕਿ ਕਾਜ਼ੀ ਦਾ ਮਨ ਉੱਥੇ ਹਾਜ਼ਰ ਨਹੀਂ।

ਮੁਸਲਮਾਨੀ ਰਾਜ ਤੇ ਉਨ੍ਹਾਂ ਦਾ ਹੀ ਧਰਮ ਅਸਥਾਨ ਮਸੀਤ, ਜਿੱਥੇ ਸੁਲਤਾਨਪੁਰ ਦਾ ਸਭ ਤੋਂ ਵੱਡਾ ਹਾਕਮ ਵੀ ਹਾਜ਼ਰ ਸੀ, ਵੱਡਾ ਕਾਜ਼ੀ ਵੀ ਸੈਂਕੜੇ ਮੁਸਲਮਾਨਾਂ ਸਮੇਤ ਨਮਾਜ਼ ਵਿੱਚ ਸ਼ਾਮਿਲ ਸੀ। ਇਹ ਗੁਰੂ ਜੀ ਵਰਗੇ ਦਲੇਰ ਤੇ ਨਿਰਭੈ ਸੂਰਮੇ ਦਾ ਹੀ ਕੰਮ ਸੀ ਕਿ ਨਮਾਜ਼ ਪੜ੍ਹਦੇ ਕਾਜ਼ੀ ਪਾਸ ਖਲੋ ਕੇ, ਉਸ ਦਾ ਹਾਸਾ ਉਡਾਉਣ। ਗੁਰੂ ਜੀ ਤਾਂ ਸੱਚ ਨੂੰ ਸੱਚ ਕਹਿਣਾ ਜਾਣਦੇ ਸਨ। ਖਰੀ-ਖਰੀ ਗੱਲ ਕਹਿ ਦੇਣ ਤੋਂ ਉਹ ਡਰਦੇ ਨਹੀਂ ਸਨ। ਡਰ ਉਨ੍ਹਾਂ ਦੇ ਜੀਵਨ ਵਿੱਚ ਹੈ ਹੀ ਨਹੀਂ ਸੀ।

ਕਾਜ਼ੀ ਕਿਵੇਂ ਸਹਾਰ ਸਕਦਾ ਸੀ ਕਿ ਕੋਈ ਉਸ ਦਾ ਹਾਸਾ ਉਡਾਏ। ਉਸ ਨੇ ਨਮਾਜ਼ ਖ਼ਤਮ ਹੋਣ 'ਤੇ ਨਵਾਬ ਕੋਲ ਸ਼ਿਕਾਇਤ ਕੀਤੀ।

**ਕਾਜ਼ੀ:** ਨਵਾਬ ਸਾਹਿਬ, ਮੈਂ ਨਮਾਜ਼ ਪੜ੍ਹ ਰਿਹਾ ਸੀ, ਇਹ ਹੱਸ ਕਿਉਂ ਰਹੇ ਸਨ?

**ਨਵਾਬ:** (ਗੁਰੂ ਜੀ ਵੱਲ) ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ?

**ਗੁਰੂ ਜੀ:** ਮੈਂ ਨਮਾਜ਼ ਕਿਹਦੇ ਨਾਲ ਪੜ੍ਹਦਾ? (ਸਾਰੇ ਘੁਸਰ-ਮੁਸਰ ਕਰਨ ਲੱਗ ਪੈਂਦੇ ਹਨ)

**ਕਾਜ਼ੀ:** ਕੀ ਮੈਂ ਨਮਾਜ਼ ਨਹੀਂ ਸੀ ਪੜ੍ਹ ਰਿਹਾ?

**ਗੁਰੂ ਜੀ:** ਕਾਜ਼ੀ ਜੀ ! ਨਮਾਜ਼ ਪੜ੍ਹਣ ਸਮੇਂ ਤਾਂ ਤੁਸੀਂ ਆਪ ਘਰ ਗਏ ਹੋਏ ਸਾਓ ।

**ਕਾਜ਼ੀ:** ਹੈਂ ? ਮੈਂ ਤਾਂ ਇੱਥੇ ਹੀ ਸੀ।

**ਗੁਰੂ ਜੀ:** (ਹੱਸਦੇ ਹੋਏ) ਤੁਸੀਂ ਮਨ ਹੀ ਮਨ ਸੋਚ ਰਹੇ ਸੀ, ਕਿਧਰੇ ਨਵਾਂ ਜੰਮਿਆ ਵਛੇਰਾ, ਵਿਹੜੇ ਦੀ ਖੂਹੀ ਵਿੱਚ ਨਾ ਜਾ ਡਿੱਗੇ। (ਕਾਜ਼ੀ ਸ਼ਰਮਿੰਦਾ ਹੋ ਮੂੰਹ ਨੀਵਾਂ ਕਰ ਲੈਂਦਾ ਹੈ)

**ਨਵਾਬ:** ਚਲੋ ! ਜੇ ਕਾਜ਼ੀ ਦਾ ਦਿਲ ਘਰ ਸੀ ਤਾਂ ਮੇਰੇ ਨਾਲ ਨਮਾਜ਼ ਪੜ੍ਹ ਲੈਂਦੇ।

**ਗੁਰੂ ਜੀ:** ਆਪ ਦਾ ਮਨ ਤਾਂ ਕਾਬਲ ਵਿੱਚ ਘੋੜੇ ਖਰੀਦਣ 'ਤੇ ਲੱਗਾ ਹੋਇਆ ਸੀ।

ਇਹ ਗੱਲ ਸਭ ਦੀ ਸਮਝ ਵਿੱਚ ਆ ਗਈ। ਸੱਚੀ ਭਗਤੀ ਤਾਂ ਹੀ ਕੀਤੀ ਜਾ ਸਕਦੀ ਹੈ ਜੇ ਮਨ ਰੱਬ ਨਾਲ ਜੁੜਿਆ ਰਹੇ।

**ਸਿੱਖਿਆ: ਸੱਚੀ ਭਗਤੀ ਤਾਂ ਹੀ ਸਮਝੀ ਤੇ ਕੀਤੀ ਜਾ ਸਕਦੀ ਹੈ ਜੇ ਮਨ ਕੀਤੇ ਜਾ ਰਹੇ ਪਾਠ ਦੇ ਅਰਥਾਂ ਵਿੱਚ ਜੁੜਿਆ ਰਹੇ। ਕੇਵਲ ਮੂੰਹ ਨਾਲ ਪਾਠ ਕਰੀ ਜਾਣਾ ਤੇ ਮਨ ਨੂੰ ਪਾਠ ਵਿੱਚ ਨਾ ਲਾਉਣਾ, ਇਹ ਪ੍ਰਭੂ ਦੀ ਸੱਚੀ ਭਗਤੀ ਨਹੀਂ।**

# ਨਵਾਬ ਕਪੂਰ ਸਿੰਘ ਜੀ

ਨਵਾਬ ਕਪੂਰ ਸਿੰਘ ਜੀ 18ਵੀਂ ਸਦੀ ਦੇ ਇੱਕ ਮਹਾਨ ਸਿੱਖ ਜਰਨੈਲ ਹੋਏ ਹਨ। ਜਿੱਥੇ ਉਹ ਸੰਗਤਾਂ ਦੀ ਸੇਵਾ ਤਨ-ਮਨ ਨਾਲ ਕਰਦੇ ਸਨ, ਉੱਥੇ ਜੰਗਾਂ ਵਿੱਚ ਵੀ ਅਜਿਹੀ ਬੀਰਤਾ ਨਾਲ ਲੜਦੇ ਸਨ ਕਿ ਵੱਡੇ ਬਹਾਦਰ ਯੋਧੇ ਅਖਵਾਉਣ ਵਾਲੇ ਵੀ ਉਹਨਾਂ ਅੱਗੇ ਨਹੀਂ ਸਨ ਟਿਕ ਸਕਦੇ। ਅਫ਼ਗਾਨਿਸਤਾਨ ਦੇ ਬਾਦਸ਼ਾਹ ਨਾਦਰਸ਼ਾਹ ਦੁਰਾਨੀ ਵਰਗੇ ਜ਼ਾਲਮ ਵੀ ਉਹਨਾਂ ਦੇ ਨਾਮ ਤੋਂ ਹੀ ਘਬਰਾਉਂਦੇ ਸਨ। ਨਵਾਬ ਕਪੂਰ ਸਿੰਘ ਜੀ ਦਾ ਜਨਮ ਸੰਨ 1697 ਈਸਵੀ ਨੂੰ ਚੌਧਰੀ ਦਲੀਪ ਸਿੰਘ ਜੀ ਦੇ ਘਰ ਪਿੰਡ ਕਾਲੋਕੇ, ਜ਼ਿਲ੍ਹਾ ਸ਼ੇਖੂਪੁਰਾ (ਹੁਣ ਪਾਕਿਸਤਾਨ) ਵਿੱਚ ਹੋਇਆ। ਉਹਨਾਂ ਦੇ ਪਿਤਾ ਜੀ ਗੁਰੂ ਘਰ ਦੇ ਸਿਦਕੀ ਸਿੱਖ ਸਨ। ਆਪਣੀ ਮਾਤਾ ਜੀ ਪਾਸੋਂ ਉਹਨਾਂ ਨੇ ਗੁਰਬਾਣੀ ਕੰਠ ਕੀਤੀ। ਛੋਟੇ ਹੁੰਦਿਆਂ ਹੀ ਉਹਨਾਂ ਨੇ ਸ਼ਸਤਰ ਵਿਦਿਆ ਵੀ ਸਿਖ ਲਈ। ਆਪ ਜੀ ਨੇ ਭਾਈ ਮਨੀ ਸਿੰਘ ਜੀ ਵੇਲੇ ਸੰਨ 1721 ਈਸਵੀ ਵਿੱਚ ਅੰਮ੍ਰਿਤਸਰ ਵਿਖੇ ਅੰਮ੍ਰਿਤਪਾਨ ਕੀਤਾ ਸੀ।

ਸੰਨ 1711 ਈਸਵੀ ਤੋਂ ਖ਼ਾਲਸਾ ਪੰਥ ਤੇ ਜ਼ੁਲਮ ਦੀ ਹਨ੍ਹੇਰੀ ਚਲ ਪਈ ਸੀ, ਪਰ ਸਿੰਘ ਜ਼ਰਾ ਵੀ ਨਾ ਘਬਰਾਏ ਤੇ ਹਕੂਮਤ ਨਾਲ ਟੱਕਰ ਲੈਂਦੇ ਰਹੇ। ਆਖ਼ਿਰਕਾਰ ਸੰਨ 1733 ਈਸਵੀ ਵਿੱਚ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖਾਂ ਨੇ ਦਿੱਲੀ ਜਾ ਕੇ ਬਾਦਸ਼ਾਹ ਨੂੰ ਸਾਰੇ ਹਾਲਾਤ ਬਿਆਨ ਕੀਤੇ ਅਤੇ ਦੁਖੀ ਹੋ ਕੇ ਕਿਹਾ ਕਿ ਖ਼ਾਲਸੇ ਨੂੰ ਕੋਈ ਸਖ਼ਤੀ ਖ਼ਤਮ ਕਰਨ ਵਿੱਚ ਕਾਮਯਾਬ ਨਹੀਂ ਹੋ ਸਕੀ। ਇਸ ਲਈ ਹਕੂਮਤ ਨੂੰ ਨਵਾਂ ਢੰਗ ਵਰਤਣਾ ਚਾਹੀਦਾ ਹੈ ਤੇ ਉਹ ਇਹ ਹੈ ਕਿ ਖ਼ਾਲਸੇ ਤੋਂ ਸਾਰੀਆਂ ਬੰਦਸ਼ਾਂ ਹਟਾ ਕੇ ਇਸ ਦੇ ਆਗੂਆਂ ਨੂੰ ਉੱਚੇ ਪਦ ਦੇ ਕੇ ਆਪਸ ਵਿੱਚ ਲੜਾ ਦਿੱਤਾ ਜਾਵੇ।

ਦਿੱਲੀ ਹਕੂਮਤ ਨੇ ਇਹ ਗਲ ਮੰਨ ਲਈ। ਭਾਈ ਸੁਬੇਗ ਸਿੰਘ ਜੀ ਉਸ ਸਮੇਂ ਵੇਲੇ ਸਰਕਾਰੀ ਠੇਕੇਦਾਰ ਸਨ, ਉਹਨਾ ਰਾਹੀਂ ਖ਼ਾਲਸੇ ਨੂੰ ਜਗੀਰ ਦੇਣ ਦਾ ਫ਼ੈਸਲਾ ਕੀਤਾ ਗਿਆ। ਸ. ਦਰਬਾਰਾ ਸਿੰਘ ਜੀ ਉਸ ਵੇਲੇ ਪੰਥ ਦੇ ਜੱਥੇਦਾਰ ਸਨ। ਵਿਸਾਖੀ ਵਾਲੇ ਦਿਨ ਅਕਾਲ ਤਖ਼ਤ ਤੇ ਖ਼ਾਲਸਾ ਇੱਕਠਾ ਹੋਇਆ ਸੀ।

ਭਾਈ ਸੁਬੇਗ ਸਿੰਘ ਜੀ ਰਾਹੀਂ ਖ਼ਾਲਸੇ ਨੂੰ ਕੁਝ ਪਿੰਡਾਂ ਦੀ ਜਗੀਰ ਦੀ ਪੇਸ਼ਕਸ਼ ਕੀਤੀ ਗਈ। ਖ਼ਾਲਸੇ ਦੇ ਆਗੂਆਂ ਨੇ ਵਿਚਾਰਿਆ ਕਿ ਇਹ ਜਗੀਰ ਅਤੇ ਨਵਾਬੀ ਹਕੂਮਤ ਨੇ ਡਰ ਕੇ ਪੇਸ਼ ਕੀਤੀ ਹੈ, ਅਸੀਂ ਮੰਗੀ ਨਹੀਂ। ਇਸ ਤੋਂ ਲਾਭ ਉਠਾਉਣਾ ਚਾਹੀਦਾ ਹੈ। ਜਦ ਵੀ ਉਸਦੀ ਨੀਅਤ ਬਦਲਦੀ ਦਿੱਸੀ ਤਾਂ ਜਗੀਰ ਉਸਦੇ ਮੱਥੇ ਮਾਰਾਂਗੇ। ਹੁਣ ਸਵਾਲ ਪੈਦਾ ਹੋਇਆ ਕਿ ਇਹ ਨਵਾਬੀ ਕਿਸ ਨੂੰ ਦਿਤੀ ਜਾਵੇ। ਜੱਥੇਦਾਰ ਸ੍ਰ. ਦਰਬਾਰਾ ਸਿੰਘ ਜੀ ਨੇ ਵਡੇਰੀ ਉਮਰ ਹੋਣ ਕਰਕੇ ਖ਼ਿਮਾ ਮੰਗ ਲਈ। ਸਾਰੀ ਸੰਗਤ ਨੂੰ ਬੇਨਤੀ ਕੀਤੀ ਗਈ ਜੇ ਕੋਈ ਨਵਾਬੀ ਲੈਣ ਦਾ ਚਾਹਵਾਨ ਹੈ ਤਾਂ ਖੜ੍ਹਾ ਹੋ ਜਾਵੇ ਤਾਂ ਕੋਈ ਵੀ ਖੜ੍ਹਾ ਨਾ ਹੋਇਆ। ਅੰਤ ਖ਼ਾਲਸੇ ਨੇ ਨਵਾਬੀ ਸ੍ਰ. ਕਪੂਰ ਸਿੰਘ ਨੂੰ ਦੇਣ ਦਾ ਫ਼ੈਸਲਾ ਕੀਤਾ। ਉਸ ਸਮੇਂ ਉਹ ਦੀਵਾਨ ਵਿੱਚ ਪੱਖੇ ਦੀ ਸੇਵਾ ਕਰ ਰਹੇ ਸਨ। ਪੰਥ ਦਾ ਹੁਕਮ ਮੰਨ ਕੇ ਨਵਾਬੀ ਕਬੂਲ ਤਾਂ ਕਰ ਲਈ ਪਰ ਨਾਲ ਹੀ ਇੱਕ ਬੇਨਤੀ ਕੀਤੀ ਕਿ ਖ਼ਾਲਸਾ ਜੀ ! ਮੇਰੇ ਕੋਲੋਂ ਸੰਗਤ ਦੀ ਸੇਵਾ ਨਾ ਖੋਹੀ ਜਾਏ।

ਆਪ ਜੀ ਦੇ ਜੀਵਨ ਕਾਲ ਵਿੱਚ ਅਨੇਕਾਂ ਵਾਰੀ ਹਕੂਮਤ ਨਾਲ ਟਕਰ ਹੋਈ ਪਰ ਸੱਭ ਤੋਂ ਪ੍ਰਸਿੱਧ ਘਟਨਾ ਨਾਦਰਸ਼ਾਹ ਨੂੰ ਜ਼ਲੀਲ ਕਰਨਾ ਹੈ। ਨਾਦਰਸ਼ਾਹ ਨੇ ਦਿੱਲੀ ਤੇ ਹਮਲਾ ਕਰਕੇ ਲਗਭਗ 9 ਘੰਟੇ ਦਿੱਲੀ ਅੰਦਰ ਕਤਲੇਆਮ ਮਚਾਈ ਅਤੇ ਲਗਭਗ ਇੱਕ ਲੱਖ ਵੀਹ ਹਜ਼ਾਰ ਇਸਤ੍ਰੀ-ਪੁਰਸ਼ ਮੌਤ ਦੇ ਘਾਟ ਉਤਾਰ ਦਿੱਤੇ ਗਏ।

ਜਦੋਂ ਨਾਦਰਸ਼ਾਹ ਹਿੰਦੁਸਤਾਨ ਤੋਂ ਲੁਟਿਆ ਹੋਇਆ ਮਾਲ ਤੇ ਨੌਜੁਆਨ ਹਿੰਦੂ ਲੜਕੇ-ਲੜਕੀਆਂ ਨੂੰ ਗ਼ੁਲਾਮ ਬਣਾ ਕੇ ਆਪਣੇ ਨਾਲ ਅਫ਼ਗਾਨਿਸਤਾਨ ਵਿਖੇ ਲਿਜਾ ਰਿਹਾ ਸੀ, ਜਿੱਥੇ ਇਹਨਾਂ ਨੂੰ ਦੋ-ਦੋ ਪੈਸੇ ਵਿੱਚ ਵੇਚਿਆ ਜਾਣਾ ਸੀ, ਉਸ ਸਮੇਂ ਐਸੇ ਜ਼ਾਲਮ ਨੂੰ ਸਿੰਘਾਂ ਨੇ ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਹੇਠ ਅਜਿਹਾ ਸਬਕ ਸਿਖਾਇਆ ਕਿ ਜਿੱਥੇ ਉਸਦੇ ਲੁੱਟ ਦੇ ਮਾਲ ਨੂੰ ਸਿੰਘਾਂ ਨੇ ਵਾਪ ਖੋਹ ਲਿਆ, ਉੱਥੇ ਗ਼ੁਲਾਮ ਬਣਾ ਕੇ ਲਿਜਾਏ ਜਾ ਰਹੇ ਲੜਕੇ-ਲੜਕੀਆਂ ਨੂੰ ਵੀ ਛੁਡਵਾ ਲਿਆ ਅਤੇ ਪੂਰੀ ਇੱਜ਼ਤ ਨਾਲ ਉਹਨਾਂ ਨੂੰ ਉਹਨਾਂ ਦੇ ਘਰੋ-ਘਰੀਂ ਪਹੁੰਚਾਉਣ ਦਾ ਵੀ ਉਪਰਾਲਾ ਕੀਤਾ। ਉਦੋਂ ਨਾਦਰਸ਼ਾਹ ਨੂੰ ਕਹਿਣਾ ਪਿਆ, "ਉਹ ਦਿਨ ਦੂਰ ਨਹੀਂ ਜਦ ਇਹ ਕੌਮ ਹਿੰਦੁਸਤਾਨ ਦੀ ਮਾਲਕ ਬਣ ਜਾਵੇਗੀ।" ਇਸੇ ਤਰ੍ਹਾਂ ਆਪ ਖ਼ਾਲਸੇ ਦੀ ਚੜ੍ਹਦੀ ਕਲਾ ਲਈ ਯੋਗ ਅਗਵਾਈ ਬਖ਼ਸ਼ਦੇ ਰਹੇ ਅਤੇ ਖ਼ਾਲਸਾ ਪੰਥ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਰਗੀ ਮਹਾਨ ਗੁਰਸਿੱਖ ਹਸਤੀ ਨੂੰ ਸੌਂਪ ਕੇ ਆਪ ਸੰਨ 1753 ਈਸਵੀ ਵਿੱਚ ਗੁਰਪੁਰੀ ਸਿਧਾਰ ਗਏ।

# ਭਾਈ ਜੈਤਾ ਜੀ

ਭਾਈ ਜੈਤਾ ਜੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਵਰੋਸਾਏ ਸਿੱਖ ਸਨ। ਬਚਪਨ ਤੋਂ ਹੀ ਭਾਈ ਜੈਤਾ ਜੀ ਹੀ ਗੁਰੂ ਪਾਤਸ਼ਾਹ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਸਨ। ਜਦ ਗੁਰੂ ਪਾਤਸ਼ਾਹ ਦਿੱਲੀ ਗਏ, ਤਦ ਜੈਤਾ ਜੀ ਵੀ ਨਾਲ ਸਨ।

11 ਨਵੰਬਰ ਸੰਨ 1675 ਨੂੰ ਚਾਂਦਨੀ ਚੌਂਕ ਵਿਖੇ ਕੋਤਵਾਲੀ ਦੇ ਨਾਲ ਦੀ ਜਗ੍ਹਾ ਤੇ, ਗੁਰੂ ਪਾਤਸ਼ਾਹ ਨੂੰ ਸ਼ਹੀਦ ਕਰ ਦਿੱਤਾ ਗਿਆ।

ਭਾਈ ਜੈਤਾ ਜੀ ਅਤੇ ਭਾਈ ਊਦਾ ਜੀ ਨੇ ਦਿੱਲੀ ਦੇ ਕੁਝ ਗੁਰਸਿੱਖਾਂ ਨੂੰ ਮਿਲ ਕੇ ਸ਼ਹੀਦੀ ਉਪਰੰਤ ਸਤਿਗੁਰਾਂ ਦੇ ਸਰੀਰ ਨੂੰ ਚੁੱਕਣ ਦੀ ਵਿਉਂਤ ਬਣਾਈ।

ਸ਼ਹੀਦੀ ਸਮੇਂ ਮਿੱਥੀ ਵਿਉਂਤ ਅਨੁਸਾਰ ਗੁਰੂ ਦੇ ਸਿੱਖਾਂ ਨੇ ਖਲਬਲੀ ਪੈਦਾ ਕਰ ਦਿੱਤੀ, ਜਿਸ ਨਾਲ ਲੋਕ, ਜੋ ਇਹ ਘਟਨਾ ਦੇਖਣ ਲਈ ਇਕੱਤਰ ਹੋਏ ਸਨ, ਉਥੋਂ ਨੱਠ ਉਠੇ, ਹਲਚਲ ਮੱਚ ਗਈ। ਇਸ ਹਲਚਲ ਵਿੱਚ ਹੀ ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਚੁੱਕ ਕੇ ਪਹਿਲਾਂ ਬਣਾਈ ਵਿਉਂਤ ਅਨੁਸਾਰ ਨਿਕਲ ਗਏ ਅਤੇ ਭਾਈ ਊਦਾ ਜੀ ਅਤੇ ਭਾਈ ਨਾਨੂੰ ਜੀ ਰਸਤੇ ਵਿੱਚ ਮਿਲੇ। ਸੀਸ ਛੁਪਾ ਕੇ ਵਾਹੋਦਾਹੀ ਕਰਨਾਲ ਅੰਬਾਲਾ ਦੇ ਰਸਤੇ ਕੀਰਤਪੁਰ ਸਾਹਿਬ ਪਹੁੰਚੇ।

ਕੀਰਤਪੁਰ ਸਾਹਿਬ ਦਾ ਸਾਰਾ ਇਲਾਕਾ ਹੀ ਗੁਰੂ ਸਾਹਿਬ ਨਾਲ ਸਬੰਧਤ ਸੀ ਤੇ ਇਸ ਲਈ ਦੁਸ਼ਮਣ ਦਾ ਇੱਥੇ ਕੋਈ ਖ਼ਤਰਾ ਨਹੀਂ ਸੀ। ਇੱਥੇ ਪਾਲਕੀ ਦਾ ਇੰਤਜ਼ਾਮ ਕਰਕੇ ਅਨੰਦਪੁਰ ਸਾਹਿਬ ਨੂੰ ਗਏ। ਜਿਥੋਂ ਇਹ ਵਿਮਾਨ ਵਿੱਚ ਸੀਸ ਦੇ ਨਾਲ ਸੰਗਤਾਂ ਦਾ ਜਲੂਸ ਸ਼ੁਰੂ ਹੋਇਆ, ਉੱਥੇ ਹੁਣ ਗੁਰਦੁਆਰਾ ਵਿਮਾਨਗੜ੍ਹ ਸ਼ੁਸੋਭਿਤ ਹੈ।

ਇਕ ਛੋਟੀ ਸੁੰਦਰ ਪਾਲਕੀ ਨੂੰ ਕੀਮਤੀ ਦੁਸ਼ਾਲਿਆਂ ਤੇ ਫ਼ੁੱਲਾਂ ਨਾਲ ਸਜਾ ਕੇ ਉਸ ਵਿੱਚ ਗੁਰੂ ਸਾਹਿਬ ਦਾ ਸੀਸ ਸਜਾਇਆ ਅਤੇ ਕੀਰਤਨ ਕਰਦੀਆਂ ਸੰਗਤਾਂ ਅਨੰਦਪੁਰ ਸਾਹਿਬ ਪੁੱਜੀਆਂ। ਸੀਸ ਗੰਜ (ਅਨੰਦਪੁਰ ਸਾਹਿਬ) ਦੇ ਅਸਥਾਨ ਤੇ ਸੀਸ ਦਾ ਸਸਕਾਰ ਕੀਤਾ ਗਿਆ।

ਇਸ ਸਾਰੀ ਨਿਡਰਤਾ ਭਰੀ ਘਾਲਣਾ ਤੇ ਸੂਰਬੀਰਤਾ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਤ ਭਾਈ ਊਦਾ ਜੀ ਨੂੰ ਛਾਤੀ ਨਾਲ ਲਾ ਕੇ, 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਸਨਮਾਨਿਆ। ਬੇਅੰਤ ਅਸੀਸਾਂ ਬਖ਼ਸ਼ ਕੇ ਰੰਘਰੇਟੇ ਸੂਰਬੀਰਾਂ ਨੂੰ ਦਸਤਾਰਾਂ ਤੇ ਚੋਲੇ ਬਖ਼ਸ਼ ਕੇ ਆਪਣੇ ਇਕ ਦਸਤੇ ਦੇ ਜਥੇਦਾਰ ਵੀ ਨਿਯਤ ਕੀਤਾ। ਸੰਨ 1699 ਦੀ ਵਿਸਾਖੀ 'ਤੇ ਖੰਡੇ ਦੀ ਪਾਹੁਲ ਲੈ ਆਪ ਜੈਤਾ ਜੀ ਤੋਂ ਜੀਵਨ ਸਿੰਘ ਹੋਏ। ਆਪ ਜੀ ਹਰ ਜੰਗ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ।

ਚਮਕੌਰ ਦੀ ਜੰਗ ਵਿੱਚ ਭਾਈ ਜੀਵਨ ਸਿੰਘ ਜੀ ਨੂੰ ਨਗਾਰੇ 'ਤੇ ਚੋਟ ਲਾਉਣ ਲਈ ਹੁਕਮ ਹੋਇਆ। ਉਸ ਸਮੇਂ ਨਗਾਰਚੀ ਦੀ ਡਿਊਟੀ ਇਕ ਮਹੱਤਵਪੂਰਨ ਡਿਊਟੀ ਹੁੰਦੀ ਸੀ, ਨਾ ਕਿ ਅੱਜ ਕਲ੍ਹ ਦੀ ਤਰ੍ਹਾਂ।

ਭਾਈ ਜੀਵਨ ਸਿੰਘ ਜੀ ਨੇ ਜਿੱਥੇ ਬੈਠ ਕੇ ਜੰਗ ਕੀਤਾ ਸੀ, ਉੱਥੇ ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਗੁਰਦੁਆਰਾ ਸ਼ਹੀਦੀ ਬੁਰਜ ਬਾਬਾ ਜੀਵਨ ਸਿੰਘ ਜੀ ਸਥਾਪਤ ਹੈ। ਬਾਬਾ ਜੀ ਦੀ ਸ਼ਹੀਦੀ 23 ਦਸੰਬਰ ਸੰਨ 1704 ਨੂੰ ਹੋਈ।

# ਬਹਾਦੁਰ ਬੀਬੀ ਸ਼ਰਨ ਕੌਰ ਜੀ

ਅਠਾਰਵੀਂ ਸਦੀ ਦੇ ਸਿੱਖ ਯੋਧਿਆਂ ਨੇ ਬਹੁਤ ਵੱਡਾ ਸੰਘਰਸ਼ ਕੀਤਾ । ਪੰਜਾਬ ਵਿੱਚੋਂ ਮੁਗ਼ਲ ਰਾਜ ਉਖਾੜ ਸੁੱਟਿਆ । ਬਾਹਰੋਂ ਆਉਂਦੇ ਪਠਾਣੀ ਹਮਲਾਵਰਾਂ ਦੇ ਹੱਲਿਆਂ ਨੂੰ ਸਦਾ ਲਈ ਰੋਕ ਦਿੱਤਾ । ਉਹਨਾਂ ਨੂੰ ਉਹਨਾਂ ਦੇ ਇਲਾਕਿਆਂ ਵਿੱਚ ਸੀਮਿਤ ਕਰ ਦਿੱਤਾ । ਸਿੱਖ ਰਾਜ ਅਫ਼ਗਾਨਿਸਤਾਨ ਤੱਕ ਸਥਾਪਿਤ ਕਰ ਦਿੱਤਾ । ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਸਮੇਂ ਸਿੱਖ ਯੋਧਿਆਂ ਨੇ ਆਪਣੀ ਬਹਾਦਰੀ, ਇਨਸਾਫ਼-ਪਸੰਦੀ ਦਾ ਸਿੱਕਾ ਜਮਾਇਆ । ਐਸੇ ਸਮੇਂ ਇੱਕ ਅਬਲਾ ਲੜਕੀ ਸਿੱਖਾਂ ਦੀ ਹਿੰਮਤ, ਹੌਂਸਲੇ ਤੋਂ ਐਸੀ ਪ੍ਰਭਾਵਿਤ ਹੋਈ ਕਿ ਉਹ ਆਪ ਵੀ ਸਿੱਖ ਯੋਧਿਆਂ ਦੀ ਸੰਗਤ ਕਰ ਅਬਲਾ ਤੋਂ ਸ਼ੇਰਨੀ ਬਣ ਗਈ ।

ਇਸ ਬਹਾਦੁਰ ਸਿੱਖ ਇਸਤਰੀ ਸੀ ਨਾ ਸੀ ਸ਼ਰਨ ਕੌਰ, ਜੋ ਜਮਰੌਦ ਸ਼ਹਿਰ ਦੇ ਨੇੜੇ ਪਠਾਣਾਂ ਦੇ ਪਿੰਡ ਮਤਨੀਆਂ ਵਿੱਚ ਰਹਿੰਦੇ ਇੱਕ ਹਿੰਦੂ ਘਰਾਣੇ ਦੀ ਧੀ ਸੀ । ਵਿਆਹੁਣ ਯੋਗ ਹੋਣ ਤੇ ਇਸ ਦੇ ਪਿਤਾ ਕਰਮ ਚੰਦ ਨੇ ਇਸ ਦਾ ਵਿਆਹ ਭੀਮ ਸੈਨ ਨਾਲ ਬੜੇ ਚਾਵਾਂ ਨਾਲ ਕੀਤਾ । ਜਦੋਂ ਇਸ ਦੀ ਡੋਲੀ ਬਰਾਤੀਆਂ ਨਾਲ ਸਹੁਰੇ ਘਰ ਜਾ ਰਹੀ ਸੀ ਤਾਂ ਗੜ੍ਹੀ ਹਬੀਬਉਲਾ ਪਿੰਡ ਤੋਂ ਕਈ ਮੀਲ ਪਹਿਲਾਂ ਉਜਾੜ ਵਿੱਚ ਪਠਾਣ ਡਾਕੂਆਂ ਨੇ ਬਰਾਤ ਤੇ ਹਮਲਾ ਕਰ ਦਿੱਤਾ । ਤਿੰਨ-ਚਾਰ ਗੱਭਰੂ ਮਾਰੇ ਗਏ, ਪੰਜ-ਸੱਤ ਜ਼ਖਮੀ ਹੋਏ ਤਾਂ ਲੜਕੇ ਦੇ ਪਿਤਾ ਨੇ ਆਪਣੀ ਤੇ ਪੁੱਤਰ ਦੀ ਜਾਨ ਬਖ਼ਸ਼ੀ ਲਈ ਤਰਲੇ ਪਾਏ । ਪਠਾਣਾਂ ਨੇ ਉਹਨਾਂ ਦੀ ਚੰਗੀ ਕੁੱਟ-ਮਾਰ ਕੀਤੀ ਅਤੇ ਉਹਨਾਂ ਨੂੰ ਬੇਇਜ਼ਤ ਕਰਕੇ ਭਜਾ ਦਿੱਤਾ ਤੇ ਨਕਦੀ, ਗਹਿਣਾ-ਗੱਟਾ ਲੁੱਟ ਕੇ ਸ਼ਰਨੀ (ਸ਼ਰਨ ਕੌਰ) ਦੀ ਡੋਲੀ, ਟਹਿਲਣ (ਨੌਕਰਾਣੀ) ਸਮੇਤ ਨਾਲ ਲੈ ਗਏ । ਇਹ ਨਵੀਂ ਸੱਜ-ਵਿਆਹੀ ਲੜਕੀ ਦੀ ਡੋਲੀ ਤੇ ਲੁੱਟ ਦਾ ਸਾਮਾਨ ਉਹਨਾਂ ਨੇ ਆਪਣੇ ਮੁਖੀ, ਗੜ੍ਹੀ ਹਬੀਬਉਲਾ ਦੇ ਮਾਲਕ ਨੂੰ ਜਾ ਸੌਂਪਿਆ । ਲੁੱਟੇ-ਪੁੱਟੇ ਬਰਾਤੀ ਘਰਾਂ ਨੂੰ ਜਾਣ ਦੀ ਥਾਂ ਸਿੱਖ ਜਰਨੈਲ ਸ੍ਰ: ਹਰੀ ਸਿੰਘ ਨਲੂਏ ਪਾਸ ਜਾ ਫ਼ਰਿਆਦੀ ਹੋਏ । ਜਰਨੈਲ ਸ੍ਰ: ਹਰੀ ਸਿੰਘ ਜੀ ਨਲੂਆ ਉਸ ਵੇਲੇ ਜਮਰੌਦ ਵਿਖੇ ਕਿਲ੍ਹਾ ਬਣਵਾ ਰਹੇ ਸਨ । ਨਲੂਏ ਸਰਦਾਰ ਨੇ ਸ੍ਰ: ਪਹਾੜਾ ਸਿੰਘ ਜੀ ਦੀ ਕਮਾਨ ਹੇਠ ਸਿੱਖ ਸਿਪਾਹੀਆਂ ਦੀ ਟੁਕੜੀ ਗੜ੍ਹੀ ਹਬੀਬਉਲਾ ਭੇਜੀ, ਜਿਸ ਨੇ ਸਾਰਾ ਮਾਲ, ਨਵੀਂ ਸੱਜ ਵਿਆਹੀ ਲੜਕੀ ਸ਼ਰਨੀ ਤੇ ਉਸ ਦੀ ਟਹਿਲਣ ਨੂੰ ਪਠਾਣ ਮੁਖੀ ਸਮੇਤ ਨਲੂਏ ਸਰਦਾਰ ਕੋਲ ਲਿਆ ਹਾਜ਼ਰ ਕੀਤਾ । ਪਠਾਣ ਮੁਖੀ ਨੂੰ ਯੋਗ ਦੰਡ ਦੇਣ ਉਪਰੰਤ ਜਦੋਂ ਸ਼ਰਨੀ ਨੂੰ ਉਸ ਦੇ ਪਤੀ ਨਾਲ ਸਹੁਰੇ ਘਰ ਭੇਜਣ ਦੀ ਤਿਆਰੀ ਕੀਤੀ ਤਾਂ ਸ਼ਰਨੀ ਨੇ ਐਸੇ ਸਹੁਰੇ ਘਰ ਦੇ ਬੰਦਿਆਂ ਨਾਲ ਜਾਣ ਤੋਂ ਇਨਕਾਰ ਕਰ ਦਿਤਾ, ਜੋ ਉਸ ਦੀ ਡੋਲੀ ਨੂੰ ਡਾਕੂਆਂ ਨੂੰ ਸੌਂਪ ਕੇ ਜਿਉਂਦੇ ਜੀਅ ਵਾਪਸ ਚਲੇ ਗਏ ਸੀ । ਉਸ ਨੇ ਕਿਹਾ ਕਿ ਜੇ ਮੇਰਾ ਪਤੀ ਸਿੰਘ ਸੱਜ ਜਾਏ ਤਾਂ ਮੈਂ ਵੀ ਅੰਮ੍ਰਿਤ ਛਕ ਕੇ ਉਹਨਾਂ ਵੀਰਾਂ ਨਾਲ ਰਹਾਂਗੀ, ਜਿਹਨਾਂ ਨੇ ਮੇਰੀ ਇਜ਼ਤ-ਆਬਰੂ ਬਚਾਈ ਹੈ । ਮੈਂ ਐਸੇ ਪੰਥ ਦੀ ਸੰਗਤ ਤੇ ਸੇਵਾ ਕਰ ਜੀਵਨ ਗੁਜ਼ਾਰਾਂਗੀ । ਸੋ ਸ਼ਰਨੀ ਤੇ ਉਸ ਦਾ ਪਤੀ ਦੋਨੋਂ ਅੰਮ੍ਰਿਤ ਛੱਕ ਕੇ ਸਿੰਘ ਸੱਜ ਕੇ ਸ਼ਰਨ ਕੌਰ ਤੇ ਭੀਮ ਬਲੀ ਸਿੰਘ ਬਣੇ ਤੇ ਸ੍ਰ: ਹਰੀ ਸਿੰਘ ਨਲੂਏ ਦੀ ਫ਼ੌਜ ਵਿੱਚ ਸ਼ਾਮਿਲ ਹੋ ਗਏ । ਸਿੰਘਾਂ ਦੀ ਸੰਗਤ ਕਰਕੇ ਉਹਨਾਂ ਦੇ ਜੀਵਨ ਵਿੱਚ ਪਲਟਾ ਆ ਗਿਆ । ਉਹ ਹਮੇਸ਼ਾਂ ਪੰਥ ਲਈ ਕੁਝ ਕਰ-ਗੁਜ਼ਰਨ ਲਈ ਤੱਤਪਰ ਰਹਿੰਦੇ । ਜਰਨੈਲ ਸ੍ਰ: ਹਰੀ ਸਿੰਘ ਜੀ ਨਲੂਏ ਨੇ ਉਹਨਾਂ ਦਾ ਉਤਸ਼ਾਹ ਵੇਖ ਕੇ ਅਤੇ ਉਹਨਾਂ ਦੀ ਪਠਾਣੀ ਇਲਾਕੇ ਤੇ ਪਸ਼ਤੋ ਬੋਲੀ ਦੀ ਜਾਣਕਾਰੀ ਹੋਣ ਕਰਕੇ ਉਹਨਾਂ ਦੀ ਜ਼ਿੰਮੇਵਾਰੀ ਸੂਹੀਆ ਵਿਭਾਗ ਵਿੱਚ ਲਾ ਦਿੱਤੀ । ਉਹ ਪਠਾਣੀ ਭੇਸ ਬਣਾ ਲੈਂਦੇ ਤੇ ਆਸ-ਪਾਸ ਦੇ ਇਲਾਕੇ ਵਿੱਚ ਵਿਚਰਦੇ ਰਹਿੰਦੇ । ਉਹ ਪਠਾਣ ਬਾਗ਼ੀਆਂ ਦੀਆਂ ਕਾਰਵਾਈਆਂ ਤੇ ਮੋਰਚਿਆਂ ਬਾਰੇ ਪੂਰੀ ਜਾਣਕਾਰੀ ਸਿੱਖ ਜਰਨੈਲਾਂ ਨੂੰ ਦਿੰਦੇ ਰਹਿੰਦੇ ।

ਬੀਬੀ ਸ਼ਰਨ ਕੌਰ ਇੱਕ ਬਹਾਦੁਰ ਗੁਰੀਲਾ ਫ਼ੌਜੀ ਬਣ ਚੁੱਕੀ ਸੀ । ਭੇਸ ਬਦਲਣ ਵਿੱਚ ਉਹ ਮਾਹਿਰ ਸੀ । ਪੰਥ ਦੀ ਸੇਵਾ ਦਾ ਉਸ ਵਿੱਚ ਅਥਾਹ ਜਜ਼ਬਾ ਸੀ । ਉਹ ਕਈ ਵਾਰ ਪਠਾਣ ਇਸਤ੍ਰੀ ਤੇ ਕਈ ਵਾਰ ਮਰਦ ਪਠਾਣ ਦੇ ਭੇਸ ਵਿੱਚ ਵਿਚਰਦੀ ਰਹਿੰਦੀ ਸੀ ।

ਉੱਤਮਜ਼ਈ ਇਲਾਕੇ ਦਾ ਨਵਾਬ ਸਿੱਖਾਂ ਤੇ ਹਮਲੇ ਦੀ ਤਿਆਰੀ ਕਰ ਰਿਹਾ ਸੀ । ਬੀਬੀ ਸ਼ਰਨ ਕੌਰ ਨੇ ਪਠਾਣ ਇਸਤ੍ਰੀ ਦਾ ਭੇਸ ਧਾਰਿਆ ਤੇ ਰੋਂਦੀ ਹੋਈ ਫ਼ਰਿਆਦੀ ਬਣ ਕੇ ਨਵਾਬ ਕੋਲ ਕਿਲ੍ਹੇ ਵਿੱਚ ਗਈ ਕਿ ਸਿੱਖਾਂ ਨੇ ਮੇਰੇ ਭਰਾ ਨੂੰ ਮਾਰ ਦਿੱਤਾ ਹੈ । ਮੌਕਾ ਤਾੜ ਕ ਉਸਨੇ ਨਵਾਬ ਨੂੰ ਖੰਜਰ ਨਾਲ ਪਾਰ ਬੁਲਾਇਆ ਤੇ ਆਪ ਬੱਚ ਕੇ ਕਿਲ੍ਹੇ ਤੋਂ ਬਾਹਰ ਨਿਕਲ ਆਈ।

ਕਾਬਲ ਦੇ ਹਾਕਮ, ਦੋਸਤ ਮੁਹੰਮਦ ਖ਼ਾਂ ਨੇ ਜਮਰੌਦ ਦੇ ਕਿਲ੍ਹੇ ਤੇ ਹਮਲਾ ਕਰ ਦਿਤਾ । ਉਸ ਸਮੇਂ ਉੱਥੇ ਜੱਥੇਦਾਰ ਮਹਾਂ ਸਿੰਘ ਦੀ ਕਮਾਨ ਹੇਠ ਥੋੜ੍ਹੇ ਜਿਹੇ ਸਿੱਖ ਫ਼ੌਜੀ ਸਨ । ਸ੍ਰ: ਹਰੀ ਸਿੰਘ ਜੀ ਨਲੂਆ ਉਸ ਵੇਲੇ ਬਾਲ ਹਿਸਾਰ (ਪਿਸ਼ਾਵਰ) ਦੇ ਕਿਲ੍ਹੇ ਵਿੱਚ ਬਿਮਾਰ ਪਏ ਹੋਏ ਸਨ । ਉਹਨਾਂ ਨੂੰ ਖ਼ਬਰ ਦੇਣ ਲਈ ਬੀਬੀ ਸ਼ਰਨ ਕੌਰ ਨੂੰ ਜ਼ਿੰਮੇਵਾਰੀ ਸੌਂਪੀ ਗਈ । ਬੀਬੀ ਸ਼ਰਨ ਕੌਰ ਨੇ ਮਰਦਾਵਾਂ ਪਠਾਣੀ ਵੇਸ ਧਾਰਣ ਕੀਤਾ । ਉਹ ਦੁਸ਼ਮਣ ਦੇ

ਇਲਾਕੇ ਵਿੱਚ ਨਿੱਡਰ ਇਕੱਲੀ ਜੱਥੇਦਾਰ ਸ੍ਰ: ਹਰੀ ਸਿੰਘ ਜੀ ਨਲੂਏ ਪਾਸ ਪਹੁੰਚੀ ਤੇ ਸਾਰੀ ਖ਼ਬਰ ਦਿੱਤੀ । ਵਾਪਸੀ ਸਮੇਂ ਸ਼ੱਕ ਪੈਣ ਤੇ ਤਿੰਨ ਪਠਾਣਾਂ ਨੇ ਉਸ ਨੂੰ ਘੇਰ ਲਿਆ, ਲੇਕਿਨ ਬਹਾਦੁਰ ਬੀਬੀ ਸ਼ਰਨ ਕੌਰ ਨੇ ਤਲਵਾਰ ਦੇ ਜੌਹਰ ਦਿਖਾਉਂਦਿਆਂ ਹੋਇਆਂ ਉਹਨਾਂ ਤਿੰਨਾਂ ਪਠਾਣਾਂ ਨੂੰ ਪਾਰ ਬੁਲਾ ਦਿੱਤਾ ਤੇ ਸਹੀ ਸਲਾਮਤ ਜਮਰੌਦ ਵਾਪਸ ਪਹੁੰਚ ਗਈ । ਸ੍ਰ: ਹਰੀ ਸਿੰਘ ਜੀ ਨਲੂਏ ਨੇ ਜਮਰੌਦ ਪਹੁੰਚ ਕੇ ਦੁਸ਼ਮਣਾਂ ਦੇ ਘੇਰੇ ਨੂੰ ਤੋੜ ਦਿਤਾ ਅਤੇ ਪਠਾਣ ਉਹਨਾਂ ਦਾ ਆਉਣਾ ਸੁਣ ਕੇ ਉੱਥੋਂ ਦੌੜ ਗਏ । ਜਦੋਂ ਉਹ ਪਠਾਣਾਂ ਦਾ ਪਿੱਛਾ ਕਰ ਰਹੇ ਸਨ ਤਾਂ ਪਹਾੜੀ ਓਹਲੇ ਛਿੱਪੇ ਗੱਦਾਰ ਡੋਗਰਿਆਂ ਦੇ ਸਿਪਾਹੀ ਨੇ ਪਿੱਛੋਂ ਗੋਲੀਆਂ ਚਲਾ ਦਿੱਤੀਆਂ । ਜਿਸ ਨਾਲ ਜਰਨੈਲ ਸ੍ਰ: ਹਰੀ ਸਿੰਘ ਜੀ ਨਲੂਆ ਸਖ਼ਤ ਜ਼ਖਮੀ ਹੋ ਗਏ ਤੇ ਕਿਲ੍ਹੇ ਅੰਦਰ ਆ ਕੇ ਚੜ੍ਹਾਈ ਕਰ ਗਏ । ਉਹਨਾਂ ਦੇ ਅਕਾਲ ਚਲਾਣੇ ਦੀ ਖ਼ਬਰ, ਗੁਪਤ ਤੌਰ ਤੇ ਲਾਹੌਰ ਦਰਬਾਰ ਵਿਖੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਦੇਣ ਲਈ ਹੋਰ ਸਿੱਖਾਂ ਦੇ ਨਾਲ ਬੀਬੀ ਸ਼ਰਨ ਕੌਰ ਤੇ ਉਸ ਦੇ ਪਤੀ ਨੂੰ ਵੀ ਭੇਜਿਆ ਗਿਆ । ਲਾਹੌਰ ਪਹੁੰਚ ਕੇ ਇਹ ਖ਼ਬਰ ਉਹਨਾਂ ਨੇ ਸਿੱਧੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਦਿੱਤੀ । ਬਾਅਦ ਵਿੱਚ ਬਹਾਦੁਰ ਸ਼ਰਨ ਕੌਰ ਤੇ ਉਸਦੇ ਪਤੀ ਨੂੰ ਸਿੱਖ ਪੰਥ ਦੀਆਂ ਸੇਵਾਵਾਂ ਬਦਲੇ ਮਹਾਰਾਜੇ ਵੱਲੋਂ ਜਗੀਰ ਦੇ ਕੇ ਸਨਮਨਿਆ ਗਿਆ । ਬਹਾਦੁਰ ਸ਼ਰਨ ਕੌਰ ਦਾ ਜੀਵਨ ਸੰਸਾਰ ਦੀਆਂ ਇਸਤ੍ਰੀਆਂ ਲਈ ਚਾਨਣ-ਮੁਨਾਰੇ ਦਾ ਕੰਮ ਕਰਦਾ ਰਹੇਗਾ ।

---

# ਸਾਰਾਗੜ੍ਹੀ ਦਾ ਸਾਕਾ

ਇਸ ਤਾਂ ਤੁਸੀਂ ਜਾਣਦੇ ਹੀ ਹੋ ਕਿ ਸਿੱਖ ਕਿਤਨੇ ਨਿਡਰ ਅਤੇ ਬਹਾਦੁਰ ਸਿਪਾਹੀ ਹੁੰਦੇ ਹਨ । ਮੁਸ਼ਕਿਲ ਦੇ ਸਮੇਂ ਨਾ ਤਾਂ ਇਹ ਘਬਰਾਉਂਦੇ ਹਨ ਅਤੇ ਨਾ ਹੀ ਇਹ ਢਹਿੰਦੀ ਕਲਾ ਵਿੱਚ ਜਾਂਦੇ ਹਨ । ਇਹ ਰਣ-ਭੂਮੀ ਵਿੱਚ ਲੜਦੇ-ਲੜਦੇ ਸ਼ਹੀਦ ਹੋ ਜਾਂਦੇ ਹਨ, ਪਰ ਰਣ-ਭੂਮੀ ਵਿੱਚੋਂ ਨੱਸਦੇ ਨਹੀਂ ।

ਸਾਰਾ ਗੜ੍ਹੀ ਦੀ ਲੜਾਈ ਵੀ ਇੱਕ ਐਸੀ ਹੀ ਅਨੋਖੀ ਤੇ ਬੇਮਿਸਾਲ ਘਟਨਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਸਿੱਖ ਕਿਸ ਮਿੱਟੀ ਦੇ ਬਣੇ ਹੋਏ ਹਨ । ਹਿੰਦੁਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਵਿੱਚ, ਲੋਕਹਾਰਟ ਦੇ ਕਿਲ੍ਹੇ ਤੋਂ ਡੇਢ ਮੀਲ ਦੂਰ ਸਾਰਾ ਗੜ੍ਹੀ ਦੀ ਫ਼ੌਜੀ ਚੌਕੀ ਸੀ । ਇਹ ਕੋਈ ਕਿਲ੍ਹਾ ਨਹੀਂ, ਕੇਵਲ ਇੱਕ ਫ਼ੌਜੀ ਚੌਕੀ ਸੀ । 12 ਸਤੰਬਰ ਸੰਨ 1898 ਈਸਵੀ ਨੂੰ ਸਿੱਖਾਂ ਨੇ ਇਸ ਦੀ ਅਫ਼ਰੀਦੀਆਂ ਤੋਂ ਕਿਵੇਂ ਰੱਖਿਆ ਕੀਤੀ, ਇਸ ਘਟਨਾ ਦਾ ਵੇਰਵਾ ਇਸ ਪ੍ਰਕਾਰ ਹੈ :-

ਸਾਰਾ ਗੜ੍ਹੀ ਦੀ ਚੌਕੀ ਵਿੱਚ ਕੇਵਲ 36 ਸਿੱਖ ਸਿਪਾਹੀ ਸਨ । ਹਜ਼ਾਰਾਂ ਸ਼ਸਤਰ-ਬੱਧ ਪਠਾਣਾਂ ਨੇ ਇਸ ਚੌਕੀ ਤੇ ਹਮਲਾ ਕਰ ਦਿੱਤਾ । ਇਉਂ ਹੁਣ 36 ਸਿੰਘਾਂ ਦਾ ਮੁਕਾਬਲਾ ਹਜ਼ਾਰਾਂ ਦੀ ਪਠਾਣੀ ਫ਼ੌਜ ਨਾਲ ਸੀ । ਸ਼ਾਇਦ ਆਪ ਸੋਚਦੇ ਹੋਵੋਗੇ ਕਿ ਸਿੱਖ ਸੂਰਮੇ ਡਰ ਗਏ ਹਣਗੇ । ਨਹੀਂ ! ਉਹ ਬਿਲਕੁਲ ਨਹੀਂ ਡਰੇ । ਪਠਾਣਾਂ ਨੇ ਬਾਰ-ਬਾਰ ਹਮਲੇ ਕੀਤੇ, ਪਰ ਇਹਨਾਂ ਸਿੱਖ ਯੋਧੇ ਸੂਰਮਿਆਂ ਨੇ ਚੌਕੀ ਨਹੀਂ ਛੱਡੀ ਤੇ ਨਾ ਹੀ ਉਹਨਾਂ ਤੋਂ ਹਾਰ ਮੰਨੀ । ਇਉਂ ਛੇ ਘੰਟੇ ਲਗਾਤਾਰ ਲੜਾਈ ਹੁੰਦੀ ਰਹੀ । ਦੁਸ਼ਮਨਾਂ ਨੇ ਬਹੁਤ ਭਾਰੀ ਗੋਲਾਬਾਰੀ ਕੀਤੀ । ਇਸ ਗੋਲਾਬਾਰੀ ਵਿੱਚ ਕਈ ਸਿੱਖ ਫ਼ੌਜੀ ਚੌਕੀ ਦੀ ਰੱਖਿਆ ਕਰਦੇ ਹੋਏ ਜ਼ਖ਼ਮੀ ਹੋ ਗਏ ਤੇ ਕਈ ਸ਼ਹੀਦ ਵੀ ਹੋ ਗਏ ਤਾਂ ਵੀ ਉਹਨਾਂ ਸੂਰਬੀਰ ਸਿੰਘਾਂ ਨੇ ਦੁਸ਼ਮਨ ਅੱਗੇ ਸ਼ਸਤਰ ਨਹੀਂ ਸੁੱਟੇ ਅਤੇ ਚੌਕੀ ਵੀ ਨਹੀਂ ਸੌਂਪੀ । ਆਖ਼ਿਰ ਲੋਕਹਾਰਟ ਦੇ ਕਿਲ੍ਹੇ ਵਿਚਲੇ ਸਿਪਾਹੀਆਂ ਨੂੰ, ਸਾਰਾ ਗੜ੍ਹੀ ਦੇ ਸਿੱਖਾਂ ਦੀ ਨਾਜ਼ੁਕ ਹਾਲਤ ਦਾ ਪਤਾ ਲੱਗ ਗਿਆ । ਉਨ੍ਹਾਂ ਵਿੱਚੋਂ ਇੱਕ ਸੌ ਸਿਪਾਹੀ ਸਾਰਾ ਗੜ੍ਹੀ ਦੀ ਚੌਕੀ ਦੀ ਰੱਖਿਆ ਕਰਦੇ ਫ਼ੌਜੀਆਂ ਦੀ ਸਹਾਇਤਾ ਲਈ ਤੁਰ ਪਏ । ਪਰ ਸਾਰਾ ਗੜ੍ਹੀ ਪਹੁੰਚਣ ਤੋਂ ਪਹਿਲਾਂ ਹੀ ਦੁਸ਼ਮਨ ਨੇ ਉਹਨਾਂ 100 ਸਿਪਾਹੀਆਂ ਨੂੰ ਭਜਾ ਦਿੱਤਾ । ਇਉਂ ਸਾਰਾ ਗੜ੍ਹੀ ਦੇ ਜੀਉਂਦੇ ਬਾਕੀ ਬਚੇ 21 ਸਿੱਖ ਆਪਣੀ ਸ੍ਵੈ-ਰੱਖਿਆ ਲਈ ਆਪ ਇਕੱਲੇ ਹੀ ਰਹਿ ਗਏ । ਇਸ ਚੌਕੀ ਦੀ ਰੱਖਿਆ ਕਰ ਰਹੇ ਸਿੱਖ ਫ਼ੌਜੀਆਂ ਨੂੰ ਅੰਗਰੇਜ਼ਾਂ ਦੁਆਰਾ ਕਿਸੇ ਤਰੀਕੇ ਨਾਲ ਇਹ ਸੁਨੇਹਾ ਵੀ ਦਿੱਤਾ ਗਿਆ ਕਿ ਉਹ ਸਾਰਾ ਗੜ੍ਹੀ ਦੀ ਚੌਕੀ ਛੱਡ ਕੇ ਲੋਕਹਾਰਟ ਦੇ ਕਿਲ੍ਹੇ ਵਿੱਚ ਆ ਜਾਣ, ਪਰ ਸਿੱਖ ਫ਼ੌਜੀਆਂ ਨੇ ਚੌਕੀ ਛੱਡਣ ਤੋਂ ਇਨਕਾਰ ਕਰ ਦਿੱਤਾ ।

ਕਾਫ਼ੀ ਦੇਰ ਤਕ ਅਫ਼ਰੀਦੀ ਚੌਕੀ ਦੇ ਵੱਡੇ ਦਰਵਾਜ਼ੇ ਰਾਹੀਂ ਅੰਦਰ ਦਾਖ਼ਲ ਨਾ ਹੋ ਸਕੇ । ਹੁਣ ਉਹਨਾਂ ਨੇ ਅੰਦਰ ਆਉਣ ਦਾ ਇੱਕ ਰਸਤਾ ਲਭਿਆ । ਚੋਰੀ-ਚੋਰੀ ਉਹਨਾਂ ਵਿੱਚੋਂ ਕੁਝ ਨੇ ਚੌਕੀ ਦੀ ਇੱਕ ਦੀਵਾਰ ਨੂੰ ਤੋੜ ਕੇ ਚੌਕੀ ਦੇ ਅੰਦਰ ਦਾਖ਼ਲ ਹੋਣਾ ਸ਼ੁਰੂ ਕੀਤਾ । ਇਸ ਕੰਮ ਵਿੱਚ ਉਹ ਅਫ਼ਰੀਦੀ ਹਮਲਾਵਰ ਸਫ਼ਲ ਹੋ ਗਏ । ਜਦੋਂ ਸਿੱਖ ਫ਼ੌਜੀਆਂ ਨੇ ਉਹਨਾਂ ਨੂੰ ਚੌਕੀ ਦੇ ਅੰਦਰ ਵੇਖਿਆ ਤਾਂ ਉਹਨਾਂ ਨੇ ਗੋਲੀਆਂ ਨਾਲ ਕਈ ਅਫਰੀਦੀਆਂ ਨੂੰ ਮਾਰ ਮੁਕਾਇਆ । ਕਹਿੰਦੇ ਹਨ ਕਿ ਇੱਕ ਸਿੱਖ ਸਿਪਾਹੀ, ਜਿਹੜਾ ਜ਼ਖ਼ਮੀ ਹੋਇਆ ਮੰਜੀ ਤੇ ਪਿਆ ਸੀ, ਉਸ ਨੇ ਫਿਰ ਵੀ ਮੰਜੀ ਤੇ ਲੰਮੇ ਪਿਆਂ ਹੋਇਆਂ ਵੀ ਅੰਦਰ ਦਾਖ਼ਲ ਹੋ ਰਹੇ ਪਠਾਣਾਂ ਨੂੰ ਗੋਲੀਆਂ ਮਾਰੀਆਂ । ਭਾਵੇਂ ਉਹ ਆਪ ਮੌਤ ਦੇ ਮੂੰਹ ਵਿੱਚ ਸੀ, ਤਾਂ ਵੀ ਉਸ ਨੇ ਦੁਸ਼ਮਨ ਦੇ ਚਾਰ ਸਿਪਾਹੀ ਮਾਰ ਦਿੱਤੇ ਅਤੇ ਕਈ ਹੋਰਾਂ ਨੂੰ ਜ਼ਖ਼ਮੀ ਕਰ ਦਿੱਤਾ । ਆਖ਼ਿਰ ਕੇਵਲ ਇੱਕੋ ਸਿੱਖ ਫ਼ੋਜੀ ਰਹਿ ਗਿਆ, ਜਿਹੜਾ ਕਿ ਰੱਖਿਆ-ਅਸਥਾਨ ਦੀ ਪਹਿਰੇਦਾਰੀ ਕਰ ਰਿਹਾ ਸੀ । ਉਸ ਨੇ ਬੇਮਿਸਾਲ ਬਹਾਦੁਰੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਆਪਣੇ ਮਰਨ ਤੋਂ ਪਹਿਲਾਂ 20 ਅਫ਼ਰੀਦੀਆਂ ਨੂੰ ਮਾਰ ਮੁਕਾਇਆ । ਇਉਂ 21 ਸਿੱਖ ਫ਼ੌਜੀਆਂ ਨੇ 200 ਦੁਸ਼ਮਣਾਂ ਨੂੰ ਮਾਰ ਮੁਕਾਇਆ ਅਤੇ ਹੋਰ ਕਈਆਂ ਨੂੰ ਜ਼ਖ਼ਮੀ ਕੀਤਾ । ਇਸ ਪ੍ਰਕਾਰ ਸਾਰਾ ਗੜ੍ਹੀ ਦੀ ਚੌਕੀ ਅਤੇ ਮਗਰੋਂ ਪੈਂਦੇ ਲੋਕਹਾਰਟ ਦੇ ਕਿਲ੍ਹੇ ਦੀ ਰਾਖੀ ਲਈ ਉਹਨਾਂ ਬਹਾਦੁਰ ਸਿੱਖ ਫ਼ੌਜੀਆਂ ਨੇ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ ।

ਬਹੁਤ ਸਾਰੇ ਅੰਗਰੇਜ਼ ਲਿਖਾਰੀਆਂ ਨੇ ਸਾਰਾ ਗੜ੍ਹੀ ਦੇ ਸਿੱਖ ਫ਼ੌਜੀਆਂ ਦੀ ਬੜੀ ਸ਼ਲਾਘਾ ਕੀਤੀ ਹੈ । ਉਹਨਾਂ ਨੇ ਕਿਹਾ ਹੈ ਕਿ ਇਹ ਕੇਵਲ ਸਿੱਖ ਫ਼ੌਜੀ ਹੀ ਹਨ, ਜੋ ਵੈਰੀਆਂ ਦੀ ਬਹੁ-ਗਿਣਤੀ ਨਾਲ ਲੜਨ ਦੀ ਦਲੇਰੀ ਰਖਦੇ ਹਨ । ਬ੍ਰਿਟਿਸ਼ ਪਾਰਲੀਆਮੈਂਟ ਵਿੱਚ ਇੱਕ ਮਤਾ ਪਾਸ ਕਰਕੇ ਇਹਨਾਂ ਸਿੰਘਾਂ ਨੂੰ "ਆਰਡਰ ਆਫ ਮੈਰਿਟ" (ਜੋ ਅੱਜ-ਕਲ੍ਹ ਦੇ ਪਰਮਵੀਰ ਚੱਕਰ ਦੇ ਬਰਾਬਰ ਹੈ) ਦਾ ਸਨਮਾਨ ਦਿੱਤਾ ਗਿਆ । ਇੱਕ ਦਿਨ ਵਿੱਚ ਇਤਨੇ ਵਿਅਕਤੀਆਂ ਨੂੰ ਇਹ ਖ਼ਿਤਾਬ ਮਿਲਣ ਦੀ ਇਹ ਇੱਕਲੌਤੀ ਮਿਸਾਲ ਹੈ । ਯੂਰਪ ਦੇ ਕਈ ਦੇਸ਼ਾਂ ਦੇ ਸਕੂਲਾਂ ਵਿੱਚ ਬੱਚਿਆਂ ਵਿੱਚ ਦੇਸ਼ ਪ੍ਰਤੀ

ਪ੍ਰੇਮ ਅਤੇ ਬਹਾਦੁਰੀ ਭਰਪੂਰ ਜੀਵਨ ਜਾਚ ਸਿਖਾਉਣ ਲਈ ਇਹ ਘਟਨਾ ਲਾਜ਼ਮੀ ਤੌਰ ਤੇ ਬੱਚਿਆਂ ਨੂੰ ਸਕੂਲ ਦੇ ਸਲੇਬਸ ਵਿੱਚ ਪੜ੍ਹਾਈ ਜਾਂਦੀ ਹੈ ਅਤੇ ਇਸ ਸਾਕੇ ਵਾਲੇ ਦਿਨ ਇਹਨਾਂ ਬਹਾਦੁਰ ਸਿੱਖ ਸ਼ਹੀਦ ਫ਼ੌਜੀਆਂ ਪ੍ਰਤੀ ਸਨਮਾਨ ਤੇ ਆਭਾਰ ਪ੍ਰਗਟ ਕਰਨ ਲਈ ਉਸ ਦਿਨ ਯੂਰਪ ਦੇ ਕਈ ਦੇਸ਼ਾਂ ਵਿੱਚ ਸਕੂਲਾਂ ਵਿੱਚ ਛੁੱਟੀ ਵੀ ਦਿੱਤੀ ਜਾਂਦੀ ਹੈ ।

ਯੂ.ਐਨ.ਓ. ਨੇ ਸੰਸਾਰ ਦੀਆਂ ਦਸ ਅਤਿ ਮਹਾਨਤਾ ਭਰਪੂਰ ਲੜਾਈਆਂ ਵਿੱਚ ਇਸ ਲੜਾਈ ਨੂੰ ਸ਼ਾਮਿਲ ਕੀਤਾ ਹੈ । ਸਿੱਖਾਂ ਨੇ ਇਸ ਬਹਾਦਰੀ ਭਰੇ ਕਾਰਨਾਮੇ ਰਾਹੀਂ ਸਾਰੇ ਸੰਸਾਰ ਵਿੱਚ ਆਪਣੀ ਕੌਮ ਤੇ ਦੇਸ਼ ਦਾ ਨਾਂ ਰੌਸ਼ਨ ਕਰਕੇ ਇੱਕ ਅਦੁੱਤੀ ਮਿਸਾਲ ਕਾਇਮ ਕੀਤੀ ਹੈ ।

---

## ਕਾਹਨੂੰਵਾਨ ਦੇ ਛੰਭ ਦਾ ਖ਼ੂਨੀ ਸਾਕਾ (ਛੋਟਾ ਘੱਲੂਘਾਰਾ)

ਕਾਹਨੂੰਵਾਨ ਦੇ ਛੰਭ ਦਾ ਖ਼ੂਨੀ ਸਾਕਾ (ਛੋਟਾ ਘੱਲੂਘਾਰਾ) ਇੱਕਲਾ ਮੁਸਲਮਾਨਾਂ ਦੇ ਨਾਮ ਲਗਾਇਆ ਜਾਂਦਾ ਰਿਹਾ ਹੈ, ਅਸਲ ਦੋਸ਼ੀ ਨੂੰ ਜਾਨਣ ਲਈ ਅੱਜ ਦਾ ਇਤਹਾਸ - ਸਿੱਖ ਇਤਿਹਾਸ ਦੇ ਅਣਗੌਲੇ ਪੰਨ੍ਹੇ ੧੪ :

### ਛੋਟੇ ਘੱਲੂਘਾਰੇ 'ਚ ਸਿੱਖਾਂ ਦਾ ਕਤਲੇਆਮ ਕਿਸ ਨੇ ਕਰਵਾਇਆ ?

ਅਠਾਰਵੀਂ ਸਦੀ ਦੇ ਸਿੱਖਾਂ ਦੀ ਕੁਰਬਾਨੀਆਂ ਅਤੇ ਬਹਾਦਰੀ ਭਰੇ ਸੰਘਰਸ਼ ਦੀ ਦਾਸਤਾਨ ਛੋਟਾ ਘੱਲੂਘਾਰਾ 17 ਮਈ 1746 (1 ਜੇਠ 1803 ਸੰਮਤ) ਨੂੰ ਸਿੱਖਾਂ ਅਤੇ ਮੁਸਲਮਾਨ ਫੌਜਾਂ ਵਿਚਕਾਰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ 'ਚ ਵਾਪਰਿਆ ਪਰ ਇਸ ਖ਼ੂਨੀ ਦੁਖਾਂਤ ਦਾ #ਮੁੱਢ ਹਿੰਦੂ ਖੱਤਰੀ ਦੀਵਾਨ ਲਖਪੱਤ ਰਾਇ ਨੇ ਬੰਨਿਆ, ਜਿਹੜਾ ਕਿ ਫੌਜਾਂ ਦੀ ਅਗਵਾਈ ਵੀ ਕਰ ਰਿਹਾ ਸੀ। ਕਾਹਨੂੰਵਾਨ ਦਾ ਛੰਭ ਜੋ ਗੁਰਦਾਸਪੁਰ ਤੋਂ ਮੁਕੇਰੀਆਂ ਨੂੰ ਜਾਂਦੀ ਸੜਕ ਉੱਤੇ 8 ਕਿਲੋਮੀਟਰ ਦੂਰ ਫੌਜੀ ਛਾਉਣੀ ਤਿੱਬੜ ਤੋਂ ਸੱਜੇ ਪਾਸੇ ਨੂੰ 4 ਕਿਲੋਮੀਟਰ ਦੂਰ ਸਥਿਤ ਹੈ।

**ਲੜਾਈ ਦਾ ਕਾਰਨ:** ਗੱਲ 1746 ਦੇ ਸ਼ੁਰੂ 'ਚ ਦੀ ਹੈ, ਲਾਹੌਰ ਦੇ ਉੱਤਰ ਵੱਲ 55 ਕਿਲੋਮੀਟਰ'ਤੇ ਐਮਨਾਬਾਦ ਦਾ ਜਸਪਤ ਰਾਇ ਫੌਜਦਾਰ ਸੀ। ਐਮਨਾਬਾਦ ਦਾ ਇਲਾਕਾ ਜ਼ਕਰੀਆ ਖ਼ਾਨ ਨੇ ਜਸਪਤ ਰਾਏ ਨੂੰ ਜਗੀਰ ਵਜੋਂ ਦਿੱਤਾ ਸੀ। ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ'ਚ ਧਾਰਮਿਕ ਸਮਾਗਮ ਮੌਕੇ ਸਿੱਖਾਂ ਦਾ ਇੱਕ ਜੱਥਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸੁੱਖਾ ਸਿੰਘ ਮਾੜੀ ਕੰਬੋ ਵਾਲੇ ਦੀ ਅਗਵਾਈ'ਚ ਠਹਿਰਿਆ ਹੋਇਆ ਸੀ ਜਿਸ ਨੂੰ ਜਸਪਤ ਰਾਏ ਹਜ਼ਮ ਨਾ ਕਰ ਸਕਿਆ। ਉਹ ਮਾਲੀਆ ਇਕੱਠਾ ਕਰਨ ਦੇ ਨਾਂ ‘ਤੇ ਧਮਕਾਉਣ ਲੱਗ ਪਿਆ। ਉਸ ਨੇ ਸੰਗਤ ਨੂੰ ਗੁਰਦੁਆਰਾ ਛੱਡ ਕੇ ਚਲੇ ਜਾਣ ਦੇ ਹੁਕਮ ਦਿੱਤੇ। ਸੰਗਤ ਨੇ ਦੂਰੋਂ-ਦੂਰੋਂ ਆਉਣ ਬਾਰੇ ਜਾਣੂੰ ਕਰਵਾਇਆ ਤੇ ਭਰੋਸਾ ਦਿੱਤਾ ਕਿ ਇੱਕ ਰਾਤ ਠਹਿਰਨ ਤੋਂ ਬਾਅਦ ਸਵੇਰ ਵੇਲੇ ਚਲੇ ਜਾਣਗੇ। ਪਹਿਲਾਂ ਹੀ ਅਜਿਹੇ ਮੌਕੇ ਦੀ ਭਾਲ ਵਿੱਚ ਬੈਠੇ ਜਸਪਤ ਰਾਏ ਨੇ ਸਿਰ ਫੇਰਦਿਆਂ ਫ਼ੌਜ ਨੂੰ ਬੁਲਾ ਲਿਆ। ਉਸ ਨੇ ਸੰਗਤ ‘ਤੇ ਹਮਲਾ ਕਰ ਦਿੱਤਾ। ਸਿੱਖਾਂ ਵੱਲੋਂ ਸੰਜਮ ਵਰਤਣ ਦੇ ਬਾਵਜੂਦ ਜਸਪਤ ਰਾਏ ਆਪਣੀ ਅੜੀ ਤੋਂ ਪਿੱਛੇ ਹਟਣ ਦੀ ਬਜਾਏ ਹਾਥੀ ‘ਤੇ ਚੜ੍ਹ ਕੇ ਅੱਗੇ ਹੀ ਵਧਦਾ ਆ ਰਿਹਾ ਸੀ। ਪਾਣੀ ਸਿਰੋਂ ਲੰਘਦਿਆਂ ਦੇਖ ਘੋੜਸਵਾਰ ਭਾਈ ਨਿਬਾਹੂ ਸਿੰਘ ਰੰਘਰੇਟਾ ਹਾਥੀ ਦੀ ਪੂਛ ਦਾ ਸਹਾਰਾ ਲੈ ਕੇ ਅੱਖ ਦੇ ਫੋਰ ‘ਚ ਉਪਰ ਚੜ੍ਹ ਗਿਆ। ਉਸ ਨੇ ਤਲਵਾਰ ਦੇ ਇੱਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਫੌਜਦਾਰ ਜਸਪਤ ਰਾਏ ਦਾ ਸਿਰ ਧੜ ਤੋਂ ਵੱਖ ਹੋਣ ਦਾ ਪਤਾ ਲੱਗਣ ‘ਤੇ ਫ਼ੌਜ ਭੱਜ ਗਈ। ਜਸਪਤ ਰਾਇ ਦਾ ਭਰਾ ਲਖਪੱਤ ਰਾਇ ਲਾਹੌਰ ਦਰਬਾਰ'ਚ ਦੀਵਾਨ ਸੀ, ਜਦ ਉਸ ਨੂੰ ਭਰਾ ਦੀ ਮੌਤ ਦਾ ਪਤਾ ਲੱਗਾ ਤਾਂ ਗੁੱਸੇ 'ਚ ਪਾਗਲ ਹੋ ਗਿਆ ਜਿਹੜਾ ਕਿ ਪਹਿਲਾਂ ਹੀ ਸਿੱਖਾਂ ਨਾਲ ਖਾਰ ਖਾਂਦਾ ਸੀ। ਉਸ ਨੇ ਬਦਲਾ ਲਊ ਨੀਤੀ ਤਹਿਤ ਗੁੱਸੇ 'ਚ ਆ ਕੇ ਸਹੁੰ ਖਾ ਕੇ ਇਹ ਐਲਾਨ ਕਰ ਦਿੱਤਾ ਕਿ ਉਹ ਉਦੋਂ ਤੱਕ ਸਿਰ 'ਤੇ ਪੱਗ ਨਹੀਂ ਬੰਨੇਗਾ ਅਤੇ ਨਾ ਹੀ ਆਪਣੇ ਆਪ ਨੂੰ ਹਿੰਦੂ ਖੱਤਰੀ ਅਖਵਾਏਗਾ ਜਦੋਂ ਤੱਕ ਖਾਲਸੇ ਪੰਥ ਦਾ ਪੂਰੀ ਤਰਾਂ ਖੁਰਾ ਖੋਜ ਨਹੀਂ ਮਿਟਾ ਦਿੰਦਾ।

**ਸਿੱਖਾਂ ਤੇ ਹਮਲਾ :** ਉਸ ਸਮੇਂ ਲਾਹੌਰ ਦਾ ਗਵਰਨਰ ਜ਼ਕਰੀਆ ਖਾਨ ਦਾ ਪੁੱਤਰ ਯਾਹੀਆ ਖਾਨ ਸੀ। ਉਸ ਨੇ ਲਖਪੱਤ ਰਾਇ ਦੀ ਸਿੱਖਾਂ ਨੂੰ ਖਤਮ ਕਰਨ ਦੀ ਯੋਜਨਾ ਦੀ ਹਮਾਇਤ ਕੀਤੀ। ਲਖਪੱਤ ਰਾਇ ਨੇ ਸਿੱਖਾਂ ਖਿਲਾਫ਼ ਆਪਣੀ ਇਹ ਮੁਹਿੰਮ 10 ਮਾਰਚ 1746 ਨੂੰ ਲਾਹੌਰ ਤੋਂ ਸ਼ੁਰੂ ਕੀਤੀ, ਉਸ ਨੇ ਲਾਹੌਰ ਦੇ ਬਾਜ਼ਾਰ 'ਚੋਂ ਸਿੱਖਾਂ ਨੂੰ ਫੜ੍ਹ ਕੇ ਸ਼ਰੇਆਮ ਕਤਲ਼ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਗੁਰਦੁਆਰੇ ਢਾਹ ਦੇਣ ਦਾ ਹੁਕਮ ਸੁਣਾਇਆ ਅਤੇ ਗੁਰਬਾਣੀ ਨੂੰ ਫੂਕ ਦੇਣ ਦਾ ਵੀ ਹੁਕਮ ਦਿੱਤਾ। ਲਖਪੱਤ ਰਾਇ ਨੇ ਲਾਹੌਰ ਦੇ ਗਵਰਨਰ ਯਹੀਆ ਖਾਨ ਤੋਂ 50 ਹਜ਼ਾਰ ਦੇ ਕਰੀਬ ਫੌਜ ਅਤੇ ਤੋਪਾਂ ਸਮੇਤ ਸਿੱਖਾਂ 'ਤੇ ਚੜ੍ਹਾਈ ਕਰਨ ਦੀ ਇਜ਼ਾਜਤ ਲੈ ਲਈ। ਉਸ ਦੇ ਨਾਲ ਮੁਲਤਾਨ, ਬਹਾਵਲਪੁਰ ਅਤੇ ਜਲੰਧਰ ਤੋਂ ਫੌਜ ਵੀ ਨਾਲ ਆ ਰਲੀ। ਪਹਾੜੀਆਂ ਹਿੰਦੂ ਰਾਜਿਆਂ ਨੂੰ ਸਿੱਖਾਂ ਖਿਲਾਫ਼ ਡਟਣ ਲਈ ਕਿਹਾ ਗਿਆ ਅਤੇ ਆਮ ਪਹਾੜੀ ਲੋਕਾਂ ਨੂੰ ਸਿੱਖਾਂ ਖਿਲਾਫ਼ ਜਹਾਦ ਦਾ ਸੱਦਾ ਦਿੱਤਾ।

**ਸਿੱਖਾਂ ਵੱਲੋ ਯੋਜਨਾਬੰਦੀ** : ਉਸ ਸਮੇਂ ਸਿੱਖ ਕੌਮ ਦੀ ਅਗਵਾਈ ਕਰ ਰਹੇ ਨਵਾਬ ਕਪੂਰ ਸਿੰਘ ਨੇ ਕੌਮ ਦੇ ਸਾਰੇ ਸਰਦਾਰਾਂ ਨੂੰ ਫੌਜਾਂ ਸਮੇਤ ਅਜੋਕੇ ਗੁਰਦਾਸਪੁਰ ਦੇ 15 ਕਿਲੋਮੀਟਰ ਦੱਖਣ ਵੱਲ ਕਾਹਨੂੰਵਾਲ ਦੇ ਸੰਘਣੇ ਜੰਗਲ ਅਤੇ ਦਲਦਲੀ ਜੰਗਲ 'ਚ ਪਹੁੰਚਣ ਦੀ ਅਪੀਲ ਕੀਤੀ, ਇੱਥੇ ਸਿੱਖਾਂ ਦੀ 15 ਹਜ਼ਾਰ ਦੇ ਕਰੀਬ ਗਿਣਤੀ ਦੱਸਦੇ ਹਨ। ਬਿਆਸ ਅਤੇ ਰਾਵੀ ਦਰਿਆ ਦੇ ਵਿਚਕਾਰ ਆਉਂਦੇ ਇਸ ਇਲਾਕੇ ਵਿੱਚ ਉੱਚੇ-ਉੱਚੇ ਸਰਕੰਡੇ, ਸੰਘਣੇ ਜੰਗਲ ਸਨ। ਸਿੱਖ ਸੁਰੱਖਿਆ ਪੱਖ ਤੋਂ ਅਕਸਰ ਇੱਥੇ ਠਹਿਰਦੇ ਅਤੇ ਭਵਿੱਖ ਦੀ ਰਣਨੀਤੀ ਬਣਾ ਕੇ ਵਿਚਰਦੇ ਰਹਿੰਦੇ ਸਨ ਕਿਉਂਕਿ ਇਹ ਦੁਸ਼ਮਣ 'ਤੇ ਘਾਤ ਲਾ ਕੇ ਹਮਲਾ ਕਰਨ, ਸੁਰੱਖਿਅਤ ਨਿਕਲ ਜਾਣ ਅਤੇ ਆਰਾਮ ਕਰਨ ਲਈ ਸਹਾਈ ਹੁੰਦਾ ਸੀ। ਲੱਖਪਤ ਰਾਏ ਸਿੱਖਾਂ ਦਾ ਖੁਰਾ ਖੋਜ ਲੱਭਦਾ ਹੋਇਆ ਪਿੰਡਾਂ 'ਚ ਰਹਿੰਦੇ ਇੱਕਾ-ਦੁੱਕਾ ਸਿੱਖ ਪਰਿਵਾਰਾਂ ਨੂੰ ਕਤਲ ਕਰਦਾ ਹੋਇਆ ਛੰਭ ਤੱਕ ਪਹੁੰਚ ਗਿਆ। ਲਖਪੱਤ ਰਾਇ ਦੀ ਸ਼ਾਹੀ ਫੌਜ ਨੇ ਸਿੱਖਾਂ ਨੂੰ ਘੇਰਾ ਪਾ ਲਿਆ ਪਰ ਸਿੱਖਾਂ ਨੇ ਹਥਿਆਰਾਂ ਦੀ ਘਾਟ ਹੋਣ ਕਾਰਨ ਗੁਰੀਲਾ ਲੜਾਈ ਲੜਨ ਦੀ ਯੋਜਨਾ ਬਣਾਈ। ਸਿੱਖ ਰਾਤ ਨੂੰ ਜੰਗਲ 'ਚੋਂ ਨਿਕਲਦੇ ਅਤੇ ਫੌਜ 'ਤੇ ਹਮਲਾ ਕਰਕੇ ਉਹਨਾਂ ਦੇ ਹਥਿਆਰ, ਘੋੜੇ, ਰਾਸ਼ਨ ਆਦਿ ਖੋਹ ਕੇ ਜਲਦੀ ਨਾਲ ਫਿਰ ਜੰਗਲ 'ਚ ਜਾ ਕੇ ਲੁੱਕ ਜਾਂਦੇ।

**ਗੁਰੀਲਾ ਯੁੱਧ** : ਦਿਨ ਵੇਲੇ ਸਿੱਖ ਜੰਗਲ 'ਚ ਲੁਕੇ ਰਹਿੰਦੇ ਅਤੇ ਰਾਤ ਸਮੇਂ ਯਾਹੀਆ ਖਾਨ ਦੀ ਫੌਜ 'ਤੇ ਦਾਅ ਲਗਾ ਕੇ ਹਮਲਾ ਕਰਦੇ ਅਤੇ ਫੌਜ ਦਾ ਸਮਾਨ ਖੋਹ ਲੈਂਦੇ। ਇੱਕ ਸ਼ਾਮ ਨੂੰ ਸਿੱਖਾਂ ਨੇ ਫੌਜ 'ਤੇ ਹਮਲਾ ਕੀਤਾ, ਪਰ ਵੱਡੀ ਗਿਣਤੀ 'ਚ ਫੌਜ ਨੇ ਸਿੱਖਾਂ 'ਤੇ ਹੱਲਾ ਬੋਲ ਦਿੱਤਾ। ਸਿੱਖਾਂ ਨੇ ਪਿੱਛੇ ਹੱਟਣਾ ਸ਼ੁਰੂ ਕਰ ਦਿੱਤਾ, ਕਾਫ਼ੀ ਦੂਰ ਤੱਕ ਸਿੱਖਾਂ ਨੂੰ ਭਜਾ ਕੇ ਫੌਜ ਵਾਪਸ ਆ ਗਈ ਅਤੇ ਉਹਨਾਂ ਸੋਚਿਆ ਹੁਣ ਘੱਟੋ-ਘੱਟ ਸਿੱਖ ਅੱਜ ਰਾਤ ਵਾਪਸ ਨਹੀਂ ਆਉਂਦੇ। ਜਦੋਂ ਫੌਜ ਅਵੇਸਲੀ ਹੋ ਕੇ ਸੌਂ ਗਈ ਤਾਂ ਸਿੱਖਾਂ ਨੇ ਰਾਤ ਨੂੰ ਫਿਰ ਹਮਲਾ ਕਰ ਦਿੱਤਾ ਅਤੇ ਫੌਜ ਦਾ ਅਸਲਾ, ਰਾਸ਼ਨ, ਘੋੜੇ ਆਦਿ ਲੁੱਟ ਕੇ ਦੁਬਾਰਾ ਫਿਰ ਜੰਗਲ 'ਚ ਜਾ ਕੇ ਲੁੱਕ ਗਏ।

ਜਦੋਂ ਫੌਜ ਨੇ ਲੰਮੇ ਸਮੇਂ ਤੱਕ ਸਿੱਖਾਂ ਨੂੰ ਘੇਰਾ ਪਾਈ ਰੱਖਿਆ ਤਾਂ ਸਿੱਖਾਂ ਕੋਲ ਖਾਣ-ਪੀਣ ਦਾ ਸਮਾਨ ਮੁੱਕ ਗਿਆ। ਤਾਂ ਸਿੱਖਾਂ ਦੇ ਖੈਰ-ਖੁਆਹ ਦੀਵਾਨ ਕੌੜਾ ਮੱਲ ਜਿਸ ਨੂੰ ਜੱਸਾ ਸਿੰਘ ਆਹਲੂਵਾਲੀਆ ਨੇ ਬਾਅਦ 'ਚ ਮਿੱਠਾ ਮੱਲ ਦਾ ਨਾਮ ਦਿੱਤਾ ਸੀ, ਵਪਾਰੀਆਂ ਹੱਥ ਅਨਾਜ ਦੀਆਂ ਖੱਚਰਾਂ ਲੱਦ ਕੇ ਜੰਮੂ ਵੱਲ ਭੇਜੀਆਂ ਅਤੇ ਸਿੱਖ ਨੂੰ ਵੀ ਖੁਫ਼ੀਆ ਸੁਨੇਹਾ ਭੇਜ ਦਿੱਤਾ ਕਿ ਉਹ ਅਨਾਜ ਲੁੱਟ ਲੈਣ, ਜਿਸ ਨਾਲ ਸਿੱਖਾਂ ਨੂੰ ਕਾਫ਼ੀ ਫਾਇਦਾ ਪਹੁੰਚਿਆ।

**ਜੰਗਲ ਨੂੰ ਅੱਗ** : ਸਿੱਖ ਨੇ ਗੁਰੀਲੇ ਹਮਲੇ 'ਚ ਲਖਪੱਤ ਰਾਇ ਦੇ ਮਾਮੇ ਦੇ ਪੁੱਤਰ ਨੂੰ ਮਾਰ ਦਿੱਤਾ। ਜਿਸ 'ਤੇ ਲਖਪੱਤ ਰਾਇ ਖਿੱਝ ਗਿਆ ਅਤੇ ਆਪਣੀ ਕੋਈ ਪੇਸ਼ ਨਾ ਚਲਦੀ ਦੇਖ ਕੇ ਲੜਾਈ ਦੇ ਘਟੀਆ ਤਰੀਕੇ ਤੇ ਉੱਤਰ ਆਇਆ। ਉਸ ਨੇ ਆਪਣੀ ਫੌਜ ਨੂੰ ਹੁਕਮ ਦੇ ਕੇ ਜੰਗਲ ਨੂੰ ਅੱਗ ਲਗਾ ਦਿੱਤੀ। ਸਿੱਖਾਂ ਨੇ ਆਪਣੇ ਆਪ ਨੂੰ ਤਿੰਨ ਪਾਸਿਆਂ ਤੋਂ ਘਿਰਿਆ ਦੇਖ ਕੇ ਚੌਥੇ ਪਾਸੇ ਸੁਰੱਖਿਅਤ ਥਾਂ ਵੱਲ ਚਾਲੇ ਪਾਉਣ ਦਾ ਗੁਰਮਤਾ ਕੀਤਾ। ਲੋਹੜੇ ਦੀ ਗਰਮੀ ਕਾਰਨ ਰੇਤ ਬਹੁਤ ਤਪ ਰਹੀ ਸੀ। ਉਨ੍ਹਾਂ ਨੇ ਇਸ ਤੋਂ ਬਚਣ ਲਈ ਆਪਣੇ ਕੱਪੜੇ ਪਾੜ ਕੇ ਪੈਰਾਂ ਨੂੰ ਬੰਨ੍ਹ ਲਏ ਤੇ ਪਹਾੜੀ ਦਿਸ਼ਾ ਵੱਲ ਵਧਣ ਲੱਗੇ। ਲੱਖਪਤ ਰਾਏ ਨੇ ਫ਼ੌਜਾਂ ਨੂੰ ਪਿੱਛੋਂ ਹਮਲਾ ਕਰਨ ਦਾ ਹੁਕਮ ਦਿੱਤਾ। ਹੱਥੋ-ਹੱਥ ਦੀ ਲੜਾਈ ਅਤੇ ਵੱਢ-ਟੁੱਕ ਵਿੱਚ ਸੈਂਕੜੇ ਸਿੱਖ, ਔਰਤਾਂ ਅਤੇ ਬੱਚੇ ਸ਼ਹੀਦ ਹੋ ਗਏ। ਦਰਿਆ ਨੱਕੋ-ਨੱਕ ਪਾਣੀ ਨਾਲ ਭਰਿਆ ਹੋਇਆ ਸੀ। ਜੰਗਲ ਦੀ ਅੱਗ ਅਤੇ ਦੁਸ਼ਮਣ ਦੇ ਹਮਲੇ ਤੋਂ ਬਚਾਅ ਕਰਨ ਲਈ ਸਿੱਖਾਂ ਨੇ ਦਰਿਆ ਪਾਰ ਕਰਨ ਹਿੱਤ ਛਾਲਾਂ ਮਾਰ ਦਿੱਤੀਆਂ ਪਰ ਪਾਣੀ ਦਾ ਤੇਜ਼ ਵਹਾਅ ਜ਼ਿਆਦਾਤਰ ਸਿੱਖਾਂ ਨੂੰ ਰੋੜ੍ਹ ਕੇ ਲੈ ਗਿਆ। ਇਸ ਤੋਂ ਬਾਅਦ ਸਿੱਖ ਰਾਵੀ ਦਰਿਆ ਪਾਰ ਕਰਕੇ ਕਥੂਆ ਅਤੇ ਪਾਰੋਲ ਵੱਲ ਨੂੰ ਨਿਕਲ ਗਏ। ਸਿੱਖਾਂ ਨੇ ਆਸ ਲਗਾਈ ਸੀ ਕਿ ਪਹਾੜਾਂ ਦੀ ਹਿੰਦੂ ਵਸੋਂ ਉਨਾਂ ਦੀ ਮੱਦਦ ਕਰੇਗੀ, ਪਰ ਹਿੰਦੂ ਵਸੋਂ ਇੱਕਠੀ ਹੋ ਕੇ ਸਿੱਖਾ ਦੇ ਪੱਥਰ ਮਾਰਨ ਲੱਗ ਗਈ ਅਤੇ ਪਹਾੜੀ ਹਿੰਦੂ ਰਾਜਿਆਂ ਦੀ ਫੌਜ ਨੇ ਸਿੱਖਾਂ ਉਪਰ ਗੋਲੀਆਂ ਚਲਾਈਆਂ।

**ਸਿੱਧੀ ਲੜਾਈ ਦਾ ਫੈਸਲਾ**: ਜਦੋਂ ਸਾਰੇ ਪਾਸੇ ਤੋਂ ਘੇਰਾ ਪੈ ਗਿਆ ਤਾਂ ਸਿੱਖ ਲੀਡਰਾਂ ਨੇ ਫੈਸਲਾ ਕੀਤਾ ਕਿ ਜਿਹੜੇ ਸਿੱਖ ਪੈਦਲ ਹਨ ਉਹ ਬੀਬੀਆਂ, ਬੱਚਿਆਂ ਨੂੰ ਨਾਲ ਲੈ ਕੇ ਪਹਾੜ ਚੜ ਕੇ ਕੁੱਲੂ, ਮੰਡੀ ਹੁੰਦੇ ਹੋਏ ਕੀਰਤਪੁਰ ਪਹੁੰਚਣ। ( ਇਹ ਸਿੱਖ ਲੜਦੇ-ਭਿੜਦੇ ਛੇ ਮਹੀਨੇ ਬਾਅਦ ਕੀਰਤਪੁਰ ਪਹੁੰਚੇ) ਜਿਹੜੇ ਸਿੱਖ ਘੋੜਿਆਂ 'ਤੇ ਹਨ ਉਹ ਯਾਹੀਆ ਖਾਨ ਦੀ ਫੌਜ ਨਾਲ ਯੁੱਧ ਲੜ ਕੇ ਘੇਰਾ ਤੋੜਨ। ਜਦੋਂ ਪੈਦਲ

ਸਿੱਖ ਪਹਾੜ 'ਤੇ ਚੜ੍ਹ ਕੇ ਪਾਰਲੀ ਪਾਰ ਚਲੇ ਗਏ ਤਾਂ ਘੋੜਸਵਾਰ ਸਿੱਖਾਂ ਨੇ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ 'ਚ ਸ਼ਾਹੀ ਫੌਜ 'ਤੇ ਹਮਲਾ ਕਰ ਦਿੱਤਾ। ਸਿੱਖ ਬੜੀ ਬਹਾਦਰੀ ਨਾਲ ਲੜੇ। ਇਸ ਗਹਿਗੱਚ ਲੜਾਈ ਵਿੱਚ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ। ਮਹੀਨਿਆਂ ਤੋਂ ਘੇਰੇ 'ਚ ਰਹਿਣ ਅਤੇ ਕਈ ਦਿਨਾਂ ਤੱਕ ਖੰਨੀ-ਖੰਨੀ ਰੋਟੀ ਖਾ ਕੇ ਗੁਜ਼ਾਰਾ ਕਰਨ ਕਰਕੇ ਸਿੱਖ ਕਮਜ਼ੋਰ ਹੋ ਚੁੱਕੇ ਸਨ। ਜਿਹੜੇ ਸਿੱਖ ਦੁਸ਼ਮਣ ਨੇ ਕੈਦ ਕਰ ਲਏ ਉਨ੍ਹਾਂ ਨੂੰ ਲਾਹੌਰ ਲਿਆਂਦਾ ਗਿਆ। ਇਸ ਮਾਰਚ ਤੋਂ ਮਈ ਤੱਕ ਲੰਮਾ ਸਮਾਂ ਚੱਲੀ ਘਮਾਸਾਣ ਦੀ ਲੜਾਈ 'ਚ 7000 ਦੀ ਕਰੀਬ ਸਿੱਖ ਸ਼ਹੀਦ ਹੋ ਗਏ ਅਤੇ 3000 ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। ਸਿੱਖ ਜਰਨੈਲ ਸਰਦਾਰ ਸੁੱਖਾ ਸਿੰਘ ਦੀ ਤੋਪ ਦੇ ਹਮਲੇ 'ਚ ਲੱਤ ਟੁੱਟ ਗਈ।

ਸਿੱਖ ਨੇ ਲਖਪੱਤ ਰਾਇ ਦੇ #ਪੁੱਤਰ ਹਰਭਜਨ ਰਾਇ ਅਤੇ ਯਹੀਆ ਖਾਨ ਦਾ ਪੁੱਤਰ ਨਾਹਰ ਖਾਨ ਇਸ ਲੜਾਈ 'ਚ ਮਾਰ ਦਿੱਤਾ। ਇੱਥੇ ਸਾਰਾ ਦਿਨ ਯਹੀਆ ਖਾਨ ਦੀ ਫੌਜ ਨਾਲ ਗਹਿਗੱਚ ਲੜਾਈ ਤੋਂ ਬਾਅਦ ਸਿੱਖਾਂ ਨੇ ਰਾਤ ਨੂੰ ਫਿਰ ਹੱਲਾ ਬੋਲਿਆ ਅਤੇ ਘੇਰਾ ਤੋੜ ਕੇ ਲੰਘ ਗਏ। ਫਿਰ ਸਿੱਖਾਂ ਨੇ ਹਰਗੋਬਿੰਦਪੁਰ ਸਾਹਿਬ ਦੇ ਸਥਾਨ ਤੋਂ ਬਿਆਸ ਦਰਿਆ ਪਾਰ ਕੀਤਾ, ਜਿੱਥੇ ਉਹਨਾਂ ਦੀ ਟੱਕਰ ਅਦੀਨਾ ਬੇਗ ਦੀਆਂ ਫੌਜਾਂ ਨਾਲ ਹੋਈ। ਇਸ ਫੌਜ ਨੂੰ ਲੋਹੇ ਦੇ ਚਨੇ ਚਬਾਉਣ ਤੋਂ ਬਾਅਦ ਸਿੱਖ ਸਤਲੁਜ ਦਰਿਆ ਪਾਰ ਕਰਕੇ ਆਲੀਵਾਲ ਪਿੰਡ 'ਤੋਂ ਮਾਲਵੇ 'ਚ ਦਾਖਲ ਹੋਏ।

**ਬੰਦੀ ਸਿੱਖਾਂ ਦੀ ਸ਼ਹਾਦਤ**: ਇਸ ਤੋਂ ਬਾਅਦ ਲਖਪੱਤ ਰਾਇ ਨੇ ਗ੍ਰਿਫ਼ਤਾਰ ਕੀਤੇ 3000 ਸਿੱਖਾਂ ਦੇ ਕੇਸ ਕਤਲ ਕਰ ਦਿੱਤੇ ਗਏ ਅਤੇ ਲਾਹੌਰ ਦੇ ਬਾਜ਼ਾਰ 'ਚ ਗੁਲਾਮਾਂ ਵਾਂਗ ਗਧਿਆਂ 'ਤੇ ਸੰਗਲਾਂ ਨਾਲ ਬੰਨ ਕੇ ਘੁਮਾਇਆ। ਫਿਰ ਸਿੱਖਾਂ ਨੂੰ ਛੋਟੇ-ਛੋਟੇ ਜੱਥਿਆਂ ਦੇ ਰੂਪ 'ਚ ਦਿੱਲੀ ਗੇਟ ਦੇ ਬਾਹਰ ਘੋੜਿਆਂ ਵਾਲੇ ਬਾਜ਼ਾਰ 'ਚ ਤਸੀਹੇ ਦੇ ਕੇ ਸ਼ਹੀਦ ਕੀਤਾ। (ਉਸ ਤੋਂ ਬਾਅਦ ਇੱਥੇ ਸਿੱਖਾਂ ਨੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸ਼ਹੀਦਗੰਜ ਸਥਾਪਤ ਕੀਤਾ)

ਲਖਪੱਤ ਰਾਏ ਨੇ ਹੁਕਮ ਦਿੱਤਾ ਕਿ ਗੁਰਦੁਆਰਿਆਂ ਨੂੰ ਢਾਹ ਦਿੱਤਾ ਜਾਵੇ, ਧਾਰਮਿਕ ਗ੍ਰੰਥਾਂ ਨੂੰ ਫੂਕ ਦਿੱਤਾ ਜਾਵੇ ਅਤੇ ਜਿਹੜਾ ਆਪਣੇ ਮੂੰਹ 'ਚੋਂ 'ਗੁਰੂ' ਸ਼ਬਦ ਕਹੇ ਉਸ ਨੂੰ ਮਾਰ ਦਿੱਤਾ ਜਾਵੇ। ਗੁੜ ਸ਼ਬਦ ਉੱਤੇ ਵੀ ਇਸ ਕਰਕੇ ਪਾਬੰਦੀ ਲਗਾ ਦਿੱਤੀ ਗਈ ਸੀ ਕਿ ਇਸ 'ਚੋਂ ਗੁਰ ਦੀ ਧੁਨ ਨਿਕਲਦੀ ਹੈ। ਇਸ ਲਈ ਗੁੜ ਨੂੰ ਰੋੜੀ ਕਹਿਣ ਦਾ ਫੁਰਮਾਨ ਜ਼ਾਰੀ ਕੀਤਾ ਗਿਆ। ਮਾਰਚ ਤੋਂ ਮਈ ਤੱਕ ਚੱਲੇ ਇਸ ਕਾਤਲੇਆਮ ਨੂੰ ਪਹਿਲਾਂ ਸਿੱਖਾਂ ਨੇ ਘੱਲੂਘਾਰੇ ਦਾ ਨਾਮ ਦਿੱਤਾ ਬਾਅਦ 'ਚ 5 ਫ਼ਰਬਰੀ 1762 ਨੂੰ ਕੁੱਪ-ਰਹੀੜੇ ਦੇ ਸਥਾਨ ਨੇ ਇਸ ਤੋਂ ਵੱਡਾ ਕਾਤਲੇਆਮ ਹੋਇਆ ਜਿਸ ਨੂੰ "ਵੱਡਾ ਘੱਲੂਘਾਰੇ" ਦਾ ਨਾਮ ਦਿੱਤਾ। ਇਸ ਲਈ "ਕਾਹਨੂੰਵਾਨ ਦੇ ਛੰਭ" ਦੇ ਕਤਲੇਆਮ ਨੂੰ ਛੋਟੇ ਘੱਲੂਘਾਰੇ ਦਾ ਨਾਮ ਦਿੱਤਾ ਗਿਆ।

**ਸਿੱਖ ਹਾਲੇ ਵੀ ਜਿਉਂਦੇ ਨੇ** : ਇਸ ਘੱਲੂਘਾਰੇ 'ਚ ਸਿੱਖਾਂ ਦਾ ਕਿੰਨਾਂ ਨੁਕਸਾਨ ਹੋਇਆ ਇਸ ਗੱਲ ਦਾ ਅੰਦਾਜ਼ਾ ਦੀਵਾਨ ਲੱਖਪਤ ਰਾਏ ਵੱਲੋਂ ਪਿਟਵਾਏ ਢੰਡੋਰੇ ਤੋਂ ਲੱਗ ਜਾਂਦਾ ਹੈ ਕਿ ਸਿੱਖ ਖ਼ਤਮ ਕਰ ਦਿੱਤੇ ਗਏ ਹਨ। ਸਿੱਖਾਂ ਨੂੰ ਮੁਕੰਮਲ ਤੌਰ 'ਤੇ ਖ਼ਤਮ ਕਰ ਦੇਣ ਵਾਲਾ "ਲਖਪੱਤ ਰਾਏ" ਦਾ ਦਾਅਵਾ ਉਦੋਂ ਝੂਠਾ ਸਾਬਤ ਹੋਇਆ ਜਦੋਂ ਸਿੱਖਾਂ ਆਉਂਦੀ ਵਿਸਾਖੀ ਨੂੰ ਸਰਬੱਤ ਖਾਲਸਾ ਬੁਲਾ ਕੇ 11 ਮਿਸਲਾਂ ਦਾ ਐਲਾਨ ਕਰ ਦਿੱਤਾ ਅਤੇ ਕੁਝ ਸਮੇਂ ਪਿੱਛੋ ਅੰਮ੍ਰਿਤਸਰ ਵਿੱਖੇ ਗੁਰੂ ਰਾਮ ਦਾਸ ਸਾਹਿਬ ਦੇ ਨਾਮ ਉੱਤੇ ਰਾਮਗੜ੍ਹ (ਰਾਮ ਰੌਣੀ) ਨਾਮ ਦਾ ਕਿਲਾ ਉਸਾਰ ਦਿੱਤਾ। ਇਸ ਤਰ੍ਹਾਂ ਇਹ ਫੈਸਲੇ ਸਿੱਖਾਂ ਵੱਲੋਂ ਯਾਹੀਆ ਖਾਨ ਅਤੇ ਲਖਪੱਤ ਰਾਇ ਨੂੰ ਸੁਨੇਹਾ ਸਨ ਕਿ ਸਿੱਖ ਹਾਲੇ ਮਰੇ ਨਹੀਂ, ਸਗੋਂ ਅੱਜ ਵੀ ਜਿਉਂਦੇ ਹਨ।

**ਛੋਟੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਅਤੇ ਅਠਾਰਵੀਂ ਸਦੀ ਦੇ ਸਮੂਹ ਸੰਘਰਸ਼ਸ਼ੀਲ ਯੋਧਿਆਂ ਨੂੰ ਕੋਟਿ-ਕੋਟਿ ਪ੍ਰਣਾਮ, ਜਿਨ੍ਹਾਂ ਨੇ ਕੁਰਬਾਨੀਆਂ ਕਰਕੇ ਮਹਾਨ ਇਤਿਹਾਸ ਸਿਰਜਿਆ।**

# ਵਰਤ ਅਤੇ ਗੁਰਮਤਿ

ਵਰਤ ਕਿੰਨੇ ਹਨ ਅਤੇ ਕਦੋਂ ਕਦੋਂ ਰੱਖੇ ਜਾਂਦੇ ਹਨ ਉਹਨਾਂ ਬਾਰੇ ਪੱਕਾ ਨਹੀਂ ਕਿਹਾ ਜਾ ਸਕਦਾ। ਕਿਉਂਕਿ ਵਰਤਾਂ ਦਾ ਕਰਮ ਕਾਂਡ ਇਨਾਂ ਪਸਾਰੇ ਵਾਲਾ ਹੈ ਕਿ ਇਹਨਾਂ ਦੀ ਗਿਣਤੀ ਕਰਨੀ ਹੀ ਅਸੰਭਵ ਹੈ। ਵਰਤ ਤੋਂ ਭਾਵ ਹੈ ਉਪਵਾਸ-ਕਿਸੇ ਖ਼ਾਸ ਸਮੇਂ ਕਿਸੇ ਭਾਵਨਾ ਨੂੰ ਮੁੱਖ ਰਖਕੇ ਸਮੇਂ ਦੀ ਮਿਆਦ ਅਨੁਸਾਰ ਭੁੱਖੇ ਪਿਆਸੇ ਰਹਿਣਾ। ਵਰਤ ਰਖਣ ਦਾ ਸੰਕਲਪ ਮਨੁੱਖ ਦੀਆਂ ਖਵਾਹਿਸ਼ਾਂ ਵਿਚੋਂ ਉਤਪੰਨ ਹੋਇਆ ਹੈ ਉਹ ਖਵਾਹਿਸ਼ ਜਾਂ ਇੱਛਾ ਜਿਸ ਨੂੰ ਕਰਮਕਾਂਡੀ ਮਨੁੱਖ ਰੱਬ ਜਾਂ ਆਪਣੇ ਕਲਪਿਤ ਦੇਵਤੇ ਕੋਲੋਂ ਹੱਠ ਦੇ ਜ਼ੋਰ ਨਾਲ ਮੰਨਵਾਉਣਾ ਚਾਹੁੰਦਾ ਹੈ ਅਜਿਹਾ ਕਰਨ ਵਾਲਾ ਮਨੁੱਖ ਇਹ ਸੋਚਦਾ ਹੈ ਕਿ ਉਸ ਦੇ ਅਜਿਹੇ ਹੱਠ ਨਾਲ ਉਸ ਦਾ ਰੱਬ ਜਾਂ ਕਲਪਿਤ ਦੇਵਤਾ ਪ੍ਰਸੰਨ ਹੋ ਜਾਵੇਗਾ ਅਤੇ ਉਸ ਦੀ ਇੱਛਾ ਨੂੰ ਬਿਨਾਂ ਰੁਕਾਵਟ ਪੂਰੀ ਕਰ ਦੇਵੇਗਾ। ਪੌਰਾਣਵਾਦੀ ਵੀਚਾਰਧਾਰਾ ਵਿੱਚ ਅਨੇਕਾਂ ਦੇਵੀ ਦੇਵਤਿਆਂ ਦੀ ਪੂਜਾ ਦਾ ਕਰਮਕਾਂਡ ਪ੍ਰਧਾਨ ਹੈ। ਹਰ ਦੇਵੀ ਦੇਵਤੇ ਨੂੰ ਮੰਨਣ ਵਾਲੇ ਸ਼ਰਧਾਲੂ ਆਪਣੇ ਆਪਣੇ ਕਲਪਿਤ ਦੇਵੀ ਦੇਵਤੇ ਦੀ ਵੱਖਰੇ-ਵੱਖਰੇ ਢੰਗ ਨਾਲ ਪੂਜਾ ਕਰਦੇ ਹਨ ਅਤੇ ਉਹਨਾਂ ਨੂੰ ਖੁਸ਼ ਕਰਨ ਲਈ ਵੱਖਰੇ-ਵੱਖਰੇ ਕਈ ਤਰਾਂ ਦੇ ਤਰੀਕੇ ਅਪਣਾਉਂਦੇ ਹਨ। ਪੁਰਾਣਾ ਦੀਆਂ ਕਥਾਵਾਂ ਵਿੱਚ ਕਈ ਕਿਸਮਾਂ ਦੇ ਵਰਤਾਂ ਦਾ ਜ਼ਿਕਰ ਹੈ। ਇਹਨਾਂ ਕਹਾਣੀਆਂ ਨੂੰ ਸੱਚ ਮੰਨਣ ਵਾਲੇ ਲੋਕ ਹੀ ਅਜਿਹੀ ਕਰਮਕਾਂਡੀ ਰੀਤ ਦੀ ਤਨ ਦੇਹੀ ਨਾਲ ਪਾਲਣਾ ਕਰਦੇ ਹਨ। ਕੁੱਝ ਕੁ ਵਰਤ ਜਿਵੇਂ ਕਰਵਾਚੌਥ, ਅਹੋਈ, ਏਕਾਦਸ਼ੀ ਆਦਿ ਜ਼ਿਆਦਾ ਪ੍ਰਚਲਿਤ ਹਨ ਇਹਨਾਂ ਸਾਰਿਆਂ ਵਿਚੋਂ ਕਰਵਾਚੌਥ ਦਾ ਵਰਤ ਸਭ ਤੋਂ ਜ਼ਿਆਦਾ ਪ੍ਰਚਲਿਤ ਹੈ। ਕਰਵਾ ਚੌਥ ਦਾ ਵਰਤ ਕੀ ਹੈ? ਵਿਆਹੀਆਂ ਹਿੰਦੂ ਇਸਤਰੀਆਂ ਇਹ ਵਰਤ ਕਤੱਕ ਵਦੀ ਚੌਥ ਨੂੰ ਰਖਦੀਆਂ ਹਨ। ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਸੁਹਾਗਣਾ ਸਰਗੀ ਕਰਦੀਆਂ ਹਨ। ਇਸ ਸਰਗੀ ਵਿੱਚ ਆਪਣੇ ਪੇਕੇ ਤੋਂ ਲਿਆਂਦੀਆਂ ਫੈਨੀਆਂ ਰਾਤ ਨੂੰ ਹੀ ਦੁੱਧ ਵਿੱਚ ਭਿਉਂ ਕੇ ਰਖੀਆਂ ਜਾਂਦੀਆਂ ਹਨ। ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਇਹ ਫੈਣੀਆਂ ਅਤੇ ਫਲ ਆਦਿਕ ਰੱਜ ਕੇ ਖਾ ਲਏ ਜਾਂਦੇ ਹਨ। ਇਸ ਵਿੱਚ ਚੰਦ੍ਰਮਾ ਦੀ ਪੂਜਾ ਹੁੰਦੀ ਹੈ ਇਸ ਵਾਸਤੇ ਇਹ ਸਾਰਾ ਕੰਮ ਸੂਰਜ ਨਿਕਲਣ ਤੋਂ ਪਹਿਲਾਂ ਹੀ ਕੀਤਾ ਜਾਂਦਾ ਹੈ। ਫਿਰ ਇਹ ਵਰਤ ਰੱਖਣ ਵਾਲੀਆਂ ਬੀਬੀਆਂ ਸਾਰਾ ਦਿਨ ਕੁੱਝ ਨਹੀਂ ਖਾਂਦੀਆਂ। ਰਾਤ ਵੇਲੇ ਚੰਦ੍ਰਮਾ ਨੂੰ ਕਰੂਏ (ਮਿੱਟੀ ਦਾ ਲੋਟਾ) ਨਾਲ ਅਰਗ ਦਿੰਦੀਆਂ ਹਨ ਅਤੇ ਪਤੀ ਦਾ ਮੂੰਹ ਵੇਖ ਕੇ ਵਰਤ ਖ਼ਤਮ ਕਰਦੀਆਂ ਹਨ। ਕੋਰਾ ਕਰਵਾ (ਮਿੱਟੀ ਦਾ ਲੋਟਾ) ਰੱਖਣ ਦਾ ਭਾਵ ਇਹ ਲਿਆ ਜਾਂਦਾ ਹੈ ਪਤਨੀ ਪਤੀ ਨੂੰ ਹਰ ਸਾਲ ਵਿਸ਼ਵਾਸ ਦਿੰਦੀ ਹੈ ਕਿ ਵਿਆਹ ਸਮੇਂ ਮਿੱਟੀ ਦੇ ਭਾਡੇ ਵਾਂਗ ਉਹ ਕੋਰੀ ਸੀ ਅੱਜ ਵੀ ਉਹ ਪੂਰਨ ਰੂਪ ਵਿੱਚ ਪਤੀਬ੍ਰਤਾ ਹੈ। ਉਸ ਨੇ ਵਿਆਹ ਕਰਵਾ ਕੇ ਜਿਸ ਨੂੰ ਪਤੀ ਪਰਵਾਨ ਕੀਤਾ ਉਸ ਦੀ ਉਹ ਪੂਰਨ ਵਫ਼ਾਦਾਰ ਹੈ। ਗੁਰਮਤਿ ਵਿੱਚ ਉੱਚਾ ਇਖ਼ਲਾਕ ਰੱਖਣਾ, ਸਦਾਚਾਰੀ ਰਹਿਣਾ, ਉੱਤਮ ਹੈ। ਪਰ ਸਵਾਲ ਹੈ ਕਿ ਇਸ ਲਈ ਇਸਤਰੀ ਹੀ ਕਿਉਂ ਸਬੂਤ ਦੇਵੇ ਇਹ ਅਸੂਲ ਤਾਂ ਮਰਦ ਉਪਰ ਵੀ ਬਰਾਬਰ ਲਾਗੂ ਹੁੰਦਾ ਹੈ। ਤਾਂ ਫਿਰ ਆਪਣੇ ਇਖ਼ਲਾਕ ਦੇ ਪਵਿਤੱਰ ਹੋਣ ਦਾ ਸਬੂਤ ਇਸਤਰੀ ਵਾਂਗ ਪੁਰਸ਼ ਕਿਉਂ ਨਹੀਂ ਦਿੰਦਾ? ਸ਼ਪੱਸ਼ਟ ਹੈ! ਇਹ ਰੀਤ ਇਸਤਰੀ ਨੂੰ ਪੁਰਸ਼ ਤੋਂ ਨੀਵਾਂ ਦਰਜਾ ਦਿੰਦੀ ਹੈ ਅਤੇ ਸਦਾ ਹੀ ਪੁਰਸ਼ ਦੀ ਦਾਸੀ ਬਣਨ ਦੀ ਪ੍ਰੇਰਣਾ ਕਰਦੀ ਹੈ ਅਤੇ ਇਸ ਗੱਲ ਦਾ ਕੋਈ ਸੰਕੇਤ ਨਹੀਂ ਕਰਦੀ ਕਿ ਉਸ ਔਰਤ ਦੇ ਪਤੀ ਦਾ ਇਖ਼ਲਾਕ ਕਿਹੋ ਜਿਹਾ ਹੋਵੇ।

ਇਸ ਵਰਤ ਨੂੰ ਤੋੜਨ ਤੋਂ ਪਹਿਲਾ ਸ਼ਾਮ ਨੂੰ ਇਹ ਸੁਹਾਗਣਾਂ ਆਪਣੇ ਆਪਣੇ ਹੱਥਾਂ ਵਿੱਚ ਥਾਲ ਲੈ ਕੇ ਜਿਸ ਵਿੱਚ ਮੱਠੀਆਂ, ਬਦਾਮ, ਛੁਹਾਰੇ, ਪੈਸੇ ਆਦਿ ਰੱਖੇ ਹੁੰਦੇ ਹਨ ਜਿਸ ਨੂੰ ਬੇਆ ਵੀ ਕਹਿੰਦੇ ਹਨ ਲੈ ਕੇ ਬਾਹਰ ਵਿਹੜੇ ਵਿੱਚ ਖੁੱਲੇ ਥਾਂ ਤੇ ਆ ਕੇ ਇੱਕ ਗੋਲ ਚੱਕਰ ਬਣਾ ਕੇ ਬੈਠ ਜਾਂਦੀਆਂ ਹਨ। ਇਹ ਸਾਰਾ ਕਰਮ ਸੂਰਜ ਡੁੱਬਣ ਤੋਂ ਬਾਅਦ ਹੁੰਦਾ ਹੈ। ਔਰਤਾਂ ਸੱਜ ਧੱਜ ਕੇ ਪੂਰਾ ਸ਼ਿੰਗਾਰ ਆਦਿ ਕਰਕੇ ਲਾਲ ਕੱਪੜੇ ਪਾ ਕੇ ਆਉਂਦੀਆਂ ਹਨ। ਅਤੇ ਗੋਲ ਚੱਕਰ ਬਣਾ ਕੇ ਬੈਠ ਜਾਂਦੀਆਂ ਹਨ। ਇਸ ਤੋਂ ਭਾਅਦ ਥਾਲੀਆਂ ਵਿੱਚ ਲਿਆਂਦਾ ਬੇਆ ਆਪਸ ਵਿੱਚ ਵਟਾਇਆ ਜਾਂਦਾ ਹੈ ਇਹ ਬ੍ਰਾਹਮਣੀ ਜੋ ਇਸ ਵਕਤ ਆਗੂ ਵਾਂਗ ਹੁੰਦੀ ਹੈ ਆਪ ਬੈਠ ਕੇ ਵਟਾਉਂਦੀ ਹੈ। ਚੰਦ੍ਰਮਾ ਵਾਂਗ ਹੀ ਬਣਾਏ ਗਏ ਇਸ ਗੋਲ ਚੱਕਰ ਵਿੱਚ ਚੰਦ੍ਰਮਾ ਦੀ ਮੂਰਤੀ ਰੱਖੀ ਹੁੰਦੀ ਹੈ ਜਿਸਨੂੰ ਆ ਕੇ ਸਭ ਤੋਂ ਮਹਿਲਾਂ ਮੱਥਾ ਟੇਕ ਕੇ ਸਾਰੀਆਂ ਔਰਤਾਂ ਆਪਣੀ-ਆਪਣੀ ਥਾਲੀ ਵਿਚੋਂ ਪ੍ਰਸ਼ਾਦ ਚੜਾਉਂਦੀਆਂ ਹਨ। ਬਾਅਦ ਵਿੱਚ ਇਨ੍ਹਾਂ ਥਾਲੀਆਂ ਨੂੰ ਗੋਲ ਚੱਕਰ ਵਿੱਚ ਇੱਕ ਦੂਜੀ ਦੇ ਹੱਥ ਦੇ ਕੇ ਵਾਪਸ ਆਪਣੇ ਤੀਕ ਲਿਆਂਦਾ ਜਾਂਦਾ ਹੈ। ਨਾਲ ਨਾਲ ਇਹ ਸਾਰੀਆਂ ਇਸਤਰੀਆਂ ਬੋਲਦੀਆਂ ਜਾਂਦੀਆਂ ਹਨ। "ਕਰਵੜਾ ਨੀ

ਕਰਵੜਾ....... . ਲੈ ਨੀ ਭੈਣੇ ਕਰਵੜਾ, ਲੈ ਵੀਰੋ ਕੁੜੀਏ ਕਰਵੜਾ, ਲੈ ਸਰਬ ਸੁਹਾਗਣ ਕਰਵੜਾ, ਲੈ ਇੱਛਾਵੰਤੀ ਕਰਵੜਾ, ਲੈ ਭਾਈਆਂ ਦੀ ਭੈਣੇ ਕਰਵੜਾ, ਕੱਤੀਂ ਨਾ ਅਟੇਰੀਂ ਨਾ, ਘੁੰਮ ਚਰਖੜਾ ਫੇਰੀਂ ਨਾ, ਸੁੱਤੇ ਨੂੰ ਜਗਾਈਂ ਨਾ, ਰੁੱਸੇ ਨੂੰ ਮਾਨਈਂ ਨਾ, ਪਾਟੜਾ ਸੀਵੀਂ ਨਾ...... ਕਰਵੜਾ ਵਟਾਇਆ, ਜਿਵੰਦਾ ਝੋਲੀ ਪਾਇਆ"। ਇਸ ਤਰਾਂ ਦਾ ਗੀਤ ਗਾਂਉਂਦਿਆਂ ਬ੍ਰਾਹਮਣੀ ਆਪਣੇ ਕੋਲ ਥਾਲ ਪੁਜਣ ਤੇ ਹਰ ਥਾਲੀ ਵਿਚੋਂ ਕੋਝ ਨਾ ਕੁੱਝ ਕੱਢੀ ਵੀ ਜਾਂਦੀ ਹੈ। ਇਸ ਸਮੇਂ ਕਰਵਾਚੌਥ ਦੀ ਜੋ ਕਹਾਣੀ ਸੁਣਾਈ ਜਾਂਦੀ ਹੈ ਉਹ ਇਹ ਹੈ ਕਿ "ਇਕ ਰਾਜੇ ਦੀ ਰਾਣੀ ਸੀ ਜਿਸਦਾ ਨਾਮ ਵੀਰੋ ਸੀ। ਵੀਰੋ ਆਪਣੇ ਸੱਤਾਂ ਭਰਾਵਾਂ ਦੀ ਲਾਡਲੀ ਭੈਣ ਸੀ। ਇੱਕ ਵਾਰ ਜਦੋਂ ਵੀਰੋ ਨੇ ਕਰਵਾਚੌਥ ਦਾ ਵਰਤ ਰੱਖਿਆ ਹੋਇਆ ਸੀ ਤਾਂ ਉਸ ਦਿਨ ਚੰਦ੍ਰਮਾ ਬਹੁਤ ਸਮੇਂ ਤੱਕ ਦਿਖਾਈ ਨਾ ਦਿੱਤਾ। ਆਪਣੀ ਭੈਣ ਨੂੰ ਭੁੱਖਿਆਂ ਵੇਖ ਕੇ ਵੀਰੋ ਦੇ ਭਰਾ ਸਹਿਣ ਨਾ ਕਰ ਸਕੇ ਅਤੇ ਉਨਾਂ ਨੇ ਜੰਗਲ ਵਿੱਚ ਬਹੁਤ ਸਾਰੀ ਅੱਗ ਬਾਲ਼ੀ ਅਤੇ ਚਾਦਰ ਤਾਣ ਕੇ ਇੱਕ ਛਾਨਣੀ ਵਿਚੋਂ ਆਪਣੀ ਭੈਣ ਨੂੰ ਚੰਦਰਮਾ ਦਾ ਭੁਲੇਖਾ ਪਾ ਦਿੱਤਾ। ਵੀਰੋ ਨੇ ਉਸ ਨੂੰ ਸੱਚ ਮੰਨ ਕੇ ਵਰਤ ਤੋੜ ਦਿੱਤਾ। ਉਧਰ ਰਾਜਾ ਜੰਗਲ ਵਿੱਚ ਸ਼ਿਕਾਰ ਖੇਡਣ ਗਿਆ ਹੋਇਆ ਸੀ ਅਤੇ ਉਥੇ ਹੀ 365 ਸੂਈਆਂ ਸਰੀਰ ਵਿੱਚ ਚੁਭ ਜਾਣ ਨਾਲ ਬੇਹੋਸ਼ ਹੋ ਗਿਆ। ਦੁਖੀ ਰਾਣੀ ਆਪਣੇ ਪਤੀ ਨੂੰ ਆਪਣੀ ਝੋਲੀ ਵਿੱਚ ਪਾ ਕੇ ਬੈਠ ਗਈ ਅਤੇ ਰੋਜ਼ ਦੀ ਇੱਕ ਸੂਈ ਰਾਜੇ ਦੇ ਸਰੀਰ ਵਿਚੋਂ ਕੱਢਣ ਲੱਗੀ। ਰਾਜਾ ਪੂਰਾ ਸਾਲ ਬੇਹੋਸ਼ ਹੀ ਰਿਹਾ। ਆਖ਼ਰ 364 ਸੂਈਆਂ ਰਾਜੇ ਦੇ ਸਰੀਰ ਵਿਚੋਂ ਰਾਣੀ ਨੇ ਕੱਢ ਦਿੱਤੀਆਂ। ਇਨੇਂ ਨੂੰ ਕਰਵਾਚੌਥ ਦਾ ਵਰਤ ਆ ਗਿਆ। ਬਾਹਰ ਕਰਵੇ ਵੇਚਣ ਵਾਲਾ ਆਇਆ ਹੋਇਆ ਸੀ ਉਸ ਨੇ ਹੋਕਾ ਦਿੱਤਾ ਜਿਸ ਨੂੰ ਸੁਣ ਕੇ ਰਾਣੀ ਕਰਵਾ ਖਰੀਦਣ ਚਲੀ ਗਈ। ਉਧਰ ਮਗਰੋਂ ਦਾਸੀ ਨੇ ਰਾਜੇ ਦੇ ਸਰੀਰ ਵਿਚੋਂ ਆਖ਼ਰੀ ਸੂਈ ਕੱਢ ਦਿੱਤੀ ਜਿਸ ਕਾਰਨ ਰਾਜੇ ਨੇ ਗੋਲੀ ਨੂੰ ਹੀ ਰਾਣੀ ਮੰਨ ਲਿਆ। ਇਸ ਕਾਰਨ ਰਾਣੀ ਨੂੰ ਗੋਲੀ ਬਣ ਕੇ ਰਹਿਣਾ ਪਿਆ। ਉਸਨੇ ਕੱਪੜੇ ਦੀਆ ਗੁਡੀਆ ਬਣਾ ਲਈਆਂ ਤੇ ਉਨਾਂ ਨਾਲ ਮਨ ਪ੍ਰਚਾਵਾ ਕਰਦੀ ਰਹਿੰਦੀ ਤੇ ਇਹ ਬੋਲ ਕਹਿੰਦੀ ਰਹਿੰਦੀ 'ਰਾਣੀ ਸੀ ਸੋ ਗੋਲੀ ਹੋਈ, ਗੋਲੀ ਸੀ ਸੋ ਰਾਣੀ ਹੋਈ' ਅਖ਼ੀਰ ਰਾਜੇ ਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਰਾਜੇ ਨੇ ਫੇਰ ਉਸ ਰਾਣੀ ਨੂੰ ਅਪਣਾ ਲਿਆ"।

ਇਸ ਸਾਰੀ ਕਹਾਣੀ ਨੂੰ ਘੋਖਿਆਂ ਇਸ ਵਿਚੋਂ ਕੁੱਝ ਵੀ ਨਹੀਂ ਲੱਭਦਾ ਸਗੋਂ ਕਈ ਤਰਾਂ ਦੇ ਸਵਾਲ ਪੈਦਾ ਹੋ ਜਾਂਦੇ ਹਨ। ਉਪਰੋਕਤ ਕਹਾਣੀ ਵਾਲਾ ਰਾਜਾ ਕੌਣ ਸੀ ? ਕਿੱਥੇ ਰਾਜ ਕਰਦਾ ਸੀ ? ਇਹ ਕਦੋਂ ਹੋਇਆ ? ਇਸ ਨੂੰ 365 ਸੂਈਆਂ ਕਿਥੋਂ ਚੁਭੀਆਂ ? ਫਿਰ ਉਸ ਦੀਆਂ ਸੂਈਆਂ ਕੱਢਣ ਲਈ ਕਿਸੇ ਵੈਦ ਨੂੰ ਕਿਉਂ ਨਾ ਸੱਦਿਆ ਗਿਆ ? ਇਹ ਸੂਈਆਂ ਇੱਕੋ ਦਿਨ ਕਿਉਂ ਨਾ ਕੱਢੀਆਂ ਗਈਆਂ ? ਇਹਨਾਂ ਨੂੰ ਰੋਜ਼ ਇੱਕ ਇੱਕ ਕਰਕੇ ਕੱਢਣ ਦੀ ਕੀ ਲੋੜ ਸੀ ? 364 ਸੂਈਆਂ ਕੱਢ ਕੇ ਬਾਕੀ ਇੱਕ ਕਿਉਂ ਰਹਿਣ ਦਿੱਤੀ ਗਈ ? ਅਖੀਰਲੀ ਸੂਈ ਕੱਢਣ ਤੇ ਹੀ ਰਾਜੇ ਨੂੰ ਹੋਸ਼ ਕਿਉਂ ਆਈ ? ਜਦੋਂ ਕਿ ਉਸ ਦੀਆਂ 364 ਸੂਈਆਂ ਨਿਕਲ ਚੁੱਕੀਆਂ ਸਨ ਉਸ ਵੇਲੇ ਉਸਨੂੰ ਹੋਸ਼ ਕਿਉਂ ਨਾ ਆਈ ? ਕੀ ਕੋਈ ਪਤਨੀ ਸਾਲ ਦੇ 364 ਦਿਨ ਪਤੀ ਦੀ ਸੇਵਾ ਕਰੇ, ਇੱਕ ਦਿਨ ਉਸ ਕੋਲੋਂ ਕੋਤਾਹੀ ਹੋ ਜਾਵੇ ਤਾਂ ਕੀ ਉਪਰੋਕਤ ਰਾਜੇ ਵਾਂਗ ਪਤੀ ਨੂੰ ਕਿਸੇ ਦੂਜੀ ਔਰਤ ਨੂੰ ਅਪਣਾ ਲੈਣ ਦਾ ਹੱਕ ਹੈ ?

ਇਸ ਸਾਰੀ ਕਹਾਣੀ ਅਤੇ ਕਰਵਾਚੌਥ ਦੀ ਨਿਭਾਈ ਜਾਂਦੀ ਕਰਮਕਾਂਡੀ ਰੀਤ ਵਿੱਚ ਕੁੱਝ ਵੀ ਅਜਿਹਾ ਨਹੀਂ ਜਿਸਨੂੰ ਸੱਚ ਜਾਂ ਧਰਮ ਦਾ ਅੰਗ ਮੰਨਿਆਂ ਜਾ ਸਕੇ। ਇਸ ਸਾਰੀ ਪ੍ਰਕਿਰਿਆ ਵਿਚੋਂ ਕੁੱਝ ਅਹਿਮ ਪੱਖ ਸਾਹਮਣੇ ਆਉਂਦੇ ਹਨ।

ਪਹਿਲੀ ਗੱਲ ਆਪਣੀ ਕਿਸੇ ਮਨੌਤ ਨੂੰ ਮਨਵਾਉਣ ਲਈ ਜਾਂ ਇੱਛਾ ਦੀ ਪੂਰਤੀ ਲਈ ਭੁੱਖੇ ਪਿਆਸੇ ਰਹਿ ਕੇ ਹੱਠ ਕਰਨਾ ਇਸ ਪ੍ਰਕਿਰਿਆ ਦਾ ਜ਼ਰੂਰੀ ਅੰਗ ਹੈ ਜਿਸਦਾ ਗੁਰਮਤਿ ਨਾਲ ਦੂਰ ਦਾ ਵੀ ਵਾਹ ਵਾਸਤਾ ਨਹੀਂ ਹੈ। ਗੁਰਬਾਣੀ ਸਿਧਾਂਤਾਂ ਅਨੁਸਾਰ ਹਠ ਕਰਮ ਕਰਨੇ ਵਿਵਰਜਿਤ ਹਨ। ਪ੍ਰਭੂ ਨੂੰ ਕਿਸੇ ਹਠ ਕਰਮ ਨਾਲ ਖ਼ੁਸ਼ ਨਹੀਂ ਕੀਤਾ ਜਾ ਸਕਦਾ। ਅਜਿਹੇ ਕਰਮ ਮਨੁੱਖ ਦੀ ਆਪਣੀ ਕਲਪਿਤ ਸੋਚ ਦਾ ਹੀ ਸਿੱਟਾ ਹਨ ਇਨ੍ਹਾਂ ਦਾ ਧਰਮ ਨਾਲ ਕੋਈ ਸੰਬੰਧ ਨਹੀਂ ਹੈ।

"ਮਨਹਠਿ ਕਰਮ ਕਰੇ ਸੋ ਛੀਜੈ॥ ਬਹੁਤੇ ਭੇਖ ਕਰੇ ਨਹੀ ਭੀਜੈ॥" (ਪੰਨਾ-1059)

"ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ॥
ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ॥" (ਪੰਨਾ-66)

ਦੂਜੀ ਵੀਚਾਰ ਇਹ ਹੈ ਕਿ ਇਸ ਵਿੱਚ ਮੁਰਾਦ, ਕਾਮਨਾ ਆਦਿ ਰੱਖ ਕੇ ਇਹ ਸਾਰਾ ਕੁੱਝ ਕੀਤਾ ਜਾਂਦਾ ਹੈ ਆਪਣੇ ਪਤੀ ਦੀ ਲੰਮੀ ਉਮਰ ਲਈ ਕਾਮਨਾ ਕੀਤੀ ਜਾਂਦੀ ਹੈ ਅਤੇ ਇਸੇ ਲਈ ਹੀ ਵਰਤ ਰੱਖਿਆ ਜਾਂਦਾ ਹੈ। ਲੰਮੀ ਉਮਰ ਲਈ ਕਾਮਨਾ ਕਰਦਿਆਂ ਅਜਿਹਾ ਕਰਨਾ

ਕੁਦਰਤੀ ਅਸੂਲ ਤੋਂ ਪੂਰੀ ਤਰ੍ਹਾਂ ਉਲਟ ਹੈ। ਕੀ ਅਜਿਹੀ ਕਿਰਿਆ ਰੱਬ ਤੋਂ ਆਪਣੀ ਮੰਗ ਮਨਵਾਉਣ ਲਈ ਭੁੱਖ ਵੜਤਾਲ ਵਾਂਗ ਹੀ ਨਹੀਂ ਹੈ? ਕੀ ਅਜਿਹੀ ਜ਼ਿਦ ਅਤੇ ਹੱਠ ਨਾਲ ਕੁਦਰਤ ਆਪਣਾ ਨੇਮ ਬਦਲ ਸਕਦੀ ਹੈ? ਜਿਸ ਰੱਬ ਨੂੰ ਮਾਤ ਪਿਤਾ, ਪ੍ਰਤਿਪਾਲਕ ਆਦਿ ਕਿਹਾ ਜਾਂਦਾ ਹੈ ਉਹ ਕਿਸੇ ਨੂੰ ਭੁਖਿਆਂ ਵੇਖ ਖੁਸ਼ ਹੋ ਸਕਦਾ ਹੈ? ਜੇਕਰ ਭੁੱਖੇ ਰਹਿਣ ਨਾਲ ਉਮਰ ਦੇ ਵਾਧੇ ਦਾ ਕੋਈ ਸਬੰਧ ਹੋਵੇ ਤਾਂ ਇਸ ਦੇਸ਼ ਵਿੱਚ ਹੀ ਕਿੰਨੇ ਲੋਕ ਹਨ ਜਿਹਨਾਂ ਨੂੰ ਢੰਗ ਨਾਲ ਗੁਜ਼ਾਰੇ ਜਿੰਨੀ ਰੋਟੀ ਨਸੀਬ ਨਹੀਂ ਹੁੰਦੀ ਕੀ ਉਹ ਚਿਰੰਜੀਵੀ ਬਣ ਗਏ ਹਨ? ਤਾਂ ਫਿਰ ਇਹ ਸਾਰਾ ਕੁੱਝ ਸੱਚ ਕਿਉਂ ਮੰਨਿਆ ਜਾ ਰਿਹਾ ਹੈ? ਗੁਰਬਾਣੀ ਦਾ ਸਿਧਾਂਤ ਕੁਦਰਤੀ ਨੇਮਾਂ ਨੂੰ ਸਮਝਣ, ਮੰਨਣ, ਅਤੇ ਅਪਣਾਉਣ ਤੇ ਜ਼ੋਰ ਦਿੰਦਾ ਹੈ। ਜੋ ਵੀ ਜਨਮਿਆਂ ਹੈ ਉਸ ਨੇ ਆਖ਼ਰ ਮਰਨਾ ਹੈ ਇਸ ਨੇਮ ਨੂੰ ਕੋਈ ਤੋੜ ਨਹੀਂ ਸਕਦਾ ਇਹ ਇੱਕ ਪਰਮ ਸੱਚਾਈ ਹੈ।

"ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥" (ਪੰਨਾ-474)

"ਬਾਦਿਸਾਹ ਸਾਹ ਵਾਪਾਰੀ ਮਰਨਾ॥ ਜੋ ਦੀਸੈ ਸੋ ਕਾਲਹਿ ਖਰਨਾ॥" (ਪੰਨਾ-740)

ਤਾਂ ਕੀ ਕਿਸੇ ਦੇ ਹਠ ਕਰਮ ਨਾਲ ਕਿਸੇ ਦੂਜੇ ਦੀ ਉਮਰ ਵਧ ਸਕਦੀ ਹੈ। ਕੀ ਇਸਤਰ੍ਹਾਂ ਕਰਨ ਨਾਲ ਕੁਦਰਤੀ ਨੇਮ ਬਦਲਿਆ ਜਾ ਸਕਦਾ ਹੈ?

"ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ॥" (ਪੰਨਾ-789)

ਫਿਰ ਪਤਨੀ ਹੀ ਪਤੀ ਦੀ ਲੰਮੀ ਉਮਰ ਦੀ ਕਾਮਨਾ ਕਰਦਿਆਂ ਹੋਇਆ ਇਹ ਵਰਤ ਕਿਉਂ ਰੱਖਦੀ ਹੈ? ਕੀ ਪਤੀ ਨੂੰ ਪਤਨੀ ਦੀ ਲੰਮੀ ਉਮਰ ਦੀ ਕਾਮਨਾ ਨਹੀਂ ਕਰਨੀ ਚਾਹੀਦੀ? ਕੀ ਵਰਤ ਰੱਖਣ ਵਾਲੀਆਂ ਔਰਤਾਂ ਦੇ ਪਤੀ ਕਦੇ ਨਹੀਂ ਮਰਦੇ? ਮੰਨ ਲਓ ਜੇ ਕਰ ਉਹਨਾਂ ਦੀ ਉਮਰ ਵੱਧ ਵੀ ਜਾਂਦੀ ਹੈ ਤਾਂ ਉਹਨਾਂ ਨੂੰ ਕਿਵੇਂ ਪਤਾ ਲੱਗਦਾ ਹੈ ਕਿ ਉਹਨਾਂ ਦੇ ਪਤੀ ਦੀ ਉਮਰ ਵਿੱਚ ਵਾਧਾ ਹੋ ਗਿਆ ਹੈ ਜਾਂ ਹੋ ਜਾਵੇਗਾ? ਇਸ ਤਰਾਂ ਇਹ ਰੀਤ ਕੇਵਲ ਤੇ ਕੇਵਲ ਔਰਤ ਲਈ ਹੀ ਨੀਯਤ ਹੈ ਪੁਰਸ਼ ਲਈ ਇਸ ਵਿੱਚ ਕੋਈ ਸਰੋਕਾਰ ਨਹੀਂ ਜਦੋਂ ਕਿ ਗੁਰਮਤਿ ਨੇ ਇਸਤਰੀ ਪੁਰਸ਼ ਨੂੰ ਬਰਾਬਰ ਦਾ ਦਰਜ਼ਾ ਦਿੱਤਾ ਹੈ।

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥" (ਪੰਨਾ-473)

ਕਿਸੇ ਵੀ ਤਰਾਂ ਦੇ ਹੱਠ ਕਰਨ ਨਾਲ ਕੁਦਰਤੀ ਨੇਮ ਨੂੰ ਬਦਲਿਆ ਨਹੀਂ ਜਾ ਸਕਦਾ ਅਤੇ ਨਾ ਹੀ ਅਜਿਹੇ ਕਰਮਕਾਡਾਂ ਨਾਲ ਉਮਰ ਦੇ ਵਧਣ ਘਟਣ ਨਾਲ ਕੋਈ ਸਬੰਧ ਹੈ।

ਇਸ ਰੀਤ ਵਿੱਚ ਚੰਦ੍ਰਮਾ ਨੂੰ ਦੇਵਤਾ ਮੰਨ ਕੇ ਸਾਰਾ ਕਰਮਕਾਂਡ ਉਸ ਦੇ ਆਲੇ ਦੁਆਲੇ ਹੀ ਕੀਤਾ ਜਾਂਦਾ ਹੈ। ਚੰਦ੍ਰਮਾ ਨੂੰ ਵੇਖ ਕੇ ਵਰਤ ਤੋੜਨਾ, ਉਸ ਨੂੰ ਜਲ ਅਰਪਿਤ ਕਰਨਾ, ਉਸ ਦੀ ਪੂਜਾ ਕਰਨੀ, ਆਦਿ ਇਸ ਰਸਮ ਦੇ ਅਹਿਮ ਹਿੱਸੇ ਹਨ ਸਿੱਖੀ ਸਿਧਾਂਤਾਂ ਅਨੁਸਾਰ ਕਿਸੇ ਦੇਵੀ ਦੇਵਤੇ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ ਦੇਵੀ ਦੇਵਤੇ ਪੁਰਾਣਵਾਦੀ ਕਥਾਵਾਂ ਜੋ ਕਿ ਮਨੋਕਲਪਿਤ ਹਨ ਵਿਚੋਂ ਉਤਪੰਨ ਹੋਏ ਹਨ ਜਿਨ੍ਹਾਂ ਦਾ ਕੁਦਰਤੀ ਤਾਕਤਾਂ ਨਾਲ ਕੋਈ ਸਬੰਧ ਨਹੀਂ। ਇਹਨਾਂ ਦੀ ਪੂਜਾ ਆਦਿ ਕਰਨੀ ਗੁਰਮਤਿ ਵਿੱਚ ਵਿਵਰਜਿਤ ਹੈ। ਜਿਸ ਚੰਦ੍ਰਮਾ ਨੂੰ ਦੇਵਤਾ ਮੰਨ ਕੇ ਪੂਜਿਆ ਜਾਂਦਾ ਹੈ ਉਸ ਬਾਰੇ ਬਾਣੀ ਦੇ ਹੁਕਮ ਹਨ।

"ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥" (ਪੰਨਾ-464)

"ਦੇਵੀ ਦੇਵਾ ਮੂਲੁ ਹੈ ਮਾਇਆ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ॥" (ਪੰਨਾ-129)

ਇਸ ਤਰਾਂ ਵਰਤ ਆਦਿਕ ਨੂੰ ਗੁਰਮਤਿ ਵਿੱਚ ਕੋਈ ਮਾਨਤਾ ਨਹੀਂ ਹੈ ਹਠੀ ਕਰਮ ਕਰਦਿਆਂ ਭੋਜਨ ਆਦਿਕ ਛੱਡਣਾ ਸਰੀਰ ਨੂੰ ਦੁਖੀ ਕਰਨ ਤੋਂ ਵੱਧ ਕੁੱਝ ਵੀ ਨਹੀਂ ਗੁਰਬਾਣੀ ਗਿਆਨ ਨੇ ਅਜਿਹੇ ਭਰਮਾਂ ਦਾ ਖੰਡਣ ਕੀਤਾ ਹੈ ਅਤੇ ਹਰ ਤਰਾਂ ਦੇ ਵਰਤ ਦੀ ਖੰਡਣਾ ਕੀਤੀ ਹੈ।

"ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥ …………………
ਅੰਨੈ ਬਿਨਾ ਨ ਹੋਇ ਸੁਕਾਲੁ॥ ਤਜਿਐ ਅੰਨਿ ਨ ਮਿਲੈ ਗੁਪਾਲੁ॥" (ਪੰਨਾ-873)

"ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥" (ਪੰਨਾ-905)

"ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ॥" (ਪੰਨਾ-1099)

“ਵਰਤ ਨ ਰਹਉ ਨ ਮਹ ਰਮਦਾਨਾ॥ ਤਿਸੁ ਸੇਵੀ ਜੋ ਰਖੈ ਨਿਦਾਨਾ॥” (ਪੰਨਾ-1136)

ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਬਹੁ ਗਿਣਤੀ ਦੇ ਸਭਿਆਚਾਰ ਦੇ ਪ੍ਰਭਾਵ ਹੇਠ ਸਿੱਖ ਬੀਬੀਆਂ ਵੀ ਇਸ ਫੋਕੇ ਕਰਮਕਾਂਡ ਨੂੰ ਦੇਖਾ ਦੇਖੀ ਅਪਣਾ ਰਹੀਆਂ ਹਨ ਅਤੇ ਸਾਰੀਆਂ ਰਸਮਾਂ ਰੀਤਾਂ ਹਿੰਦੂ ਇਸਤਰੀਆਂ ਵਾਂਗ ਹੀ ਕਰਦੀਆਂ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਗੁਰੂ ਸਾਹਿਬਾਨ ਦੀਆਂ ਮਹਾਨ ਸਿਖਿਆਵਾਂ ਨਾਲੋਂ, ਆਪਣੀ ਮਹਾਨ ਵਿਰਾਸਤ ਅਤੇ ਲਾਸਾਨੀ ਸ਼ਭਿਆਚਾਰ ਨਾਲੋਂ ਪੁਰਾਣਾ ਦੀਆਂ ਕਾਲਪਨਿਕ ਕਹਾਣੀਆਂ ਸਿੱਖ ਬੀਬੀਆਂ ਲਈ ਜ਼ਿਆਦਾ ਮਹਤੱਵਪੂਰਨ ਬਣ ਗਈਆਂ ਹਨ। ਬਹੁ ਗਿਣਤੀ ਦਾ ਸਭਿਆਚਾਰ ਜੋ ਕਿ ਮੀਡਿਏ ਰਾਹੀਂ ਪ੍ਰਚਾਰਿਆ ਪ੍ਰਸਾਰਿਆ ਜਾਂਦਾ ਹੈ ਉਸ ਦਾ ਸਭ ਤੋਂ ਜ਼ਿਆਦਾ ਅਸਰ ਔਰਤਾਂ ਕਬੂਲਦੀਆਂ ਹਨ। ਇਸੇ ਪ੍ਰਭਾਵ ਨੂੰ ਸਿੱਖ ਬੀਬੀਆਂ ਵੀ ਅਪਣਾਈ ਜਾ ਰਹੀਆਂ ਹਨ ਜੋ ਕਿ ਗੁਰਮਤਿ ਸਿਧਾਂਤ ਤੋਂ ਉਲਟ ਹੈ। ਗੁਰਬਾਣੀ ਅਸੂਲਾਂ ਅਨੁਸਾਰ ਮਨੁੱਖ ਨੂੰ ਜਿਤਨਾ ਜੀਵਨ ਪ੍ਰਾਪਤ ਹੋਇਆ ਹੈ ਉਸ ਨੂੰ ਚੰਗੇ ਢੰਗ ਨਾਲ ਜਿਉਣਾ ਚਾਹੀਦਾ ਹੈ ਨੇਕ ਕਰਮ ਅਤੇ ਸੱਚ ਨਾਲ ਜੁੜੇ ਰਹਿਣਾ ਚਾਹੀਦਾ ਹੈ। ਜੀਵਨ ਥੋੜਾ ਜਾਂ ਬਹੁਤਾ ਹੋਵੇ ਜੇ ਕਰ ਸੋਹਣੇ ਤਰੀਕੇ ਨਾਲ ਉਸ ਨੂੰ ਜੀਵਿਆ ਜਾਵੇ ਤਾਂ ਉਹ ਸਫਲਾ ਅਤੇ ਸਾਰਥਕ ਹੁੰਦਾ ਹੈ। ਪਰ ਜੇਕਰ ਹਜ਼ਾਰਾਂ ਸਾਲ ਦੀ ਉਮਰ ਵੀ ਪ੍ਰਾਪਤ ਹੋ ਜਾਵੇ ਪਰ ਜੇ ਉਹ ਪਸ਼ੂ ਬਿਰਤੀਆਂ ਵਿੱਚ ਹੀ ਬਤੀਤ ਹੁੰਦੀ ਹੈ ਤਾਂ ਇਤਨੀ ਲੰਮੀ ਉਮਰ ਵੀ ਕਿਸੇ ਅਰਥ ਨਹੀਂ ਗੁਰੂ ਨਾਨਕ ਸਾਹਿਬ ਦੇ ਇਸ ਮਹਾਨ ਵੀਚਾਰ ਨੂੰ ਧਿਆਨ ਹਿਤ ਰੱਖਣਾ ਚਾਹੀਦਾ ਹੈ:

“ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥” (ਸ੍. ਗੁ. ਗ੍. ਸਾ. - ਪੰਨਾ-2)

---